# ਜਾਣ-ਪਛਾਣ

## ਸਰੋਤੇ

ਅੱਜ ਅਸੀਂ "ਮਸੀਹ ਯਿਸੂ ਦੇ ਰਸੂਲ" (1:1) ਪੌਲੁਸ ਦੀ ਵੱਲੋਂ ਉਸ ਦੇ ਪਿਆਰੇ ਮਿੱਤਰ ਨੂੰ ਲਿਖੇ ਗਏ ਇਕ ਪੱਤਰ ਨੂੰ ਪੜ੍ਹਨ ਵਾਲੇ ਹਾਂ। ਦਰਅਸਲ, ਇਸ ਪੱਤਰ ਨੂੰ ਪ੍ਰਾਪਤ ਕਰਨ ਵਾਲਾ ਸ਼ਾਇਦ ਪੌਲੁਸ ਦਾ ਸਭ ਤੋਂ ਨਜ਼ਦੀਕੀ ਮਿੱਤਰ ਹੋਵੇਗਾ। ਇਹ ਪੱਤਰ 1 ਤਿਮੋਥਿਉਸ ਹੈ। ਇਹ ਪੱਤਰ "ਤਿਮੋਥਿਉਸ ਨੂੰ ਜਿਹੜਾ ਨਿਹਚਾ ਵਿੱਚ ਮੇਰਾ ਸੱਚਾ ਬੱਚਾ ਹੈ" (1:2) ਸੰਬੋਧਿਤ ਕੀਤਾ ਗਿਆ ਹੈ ਅਤੇ ਚਿੰਤਾ ਵਾਲੇ ਪਿਆਰ ਅਤੇ ਭਾਵ ਦੇ ਨਾਲ ਭਰਿਆ ਪਿਆ ਹੈ।

ਪਰ, ਇਹ ਪੱਤਰ ਆਪਣੇ ਆਪ ਵਿਚ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਇਹ ਹੋਰਨਾਂ ਲੋਕਾਂ ਦੇ ਲਈ ਵੀ ਲਿਖਿਆ ਗਿਆ ਸੀ। ਉਦਾਹਰਣ ਦੇ ਲਈ, ਪੱਤਰ ਦੇ ਅੰਤ ਵਿਚ ਬਰਕਤ ਦਾ ਕਲਮਾ – "ਤੁਹਾਡੇ ਉੱਤੇ ਕਿਰਪਾ ਹੁੰਦੀ ਰਹੇ" (6:21) – "ਤੁਹਾਡੇ" ਲਈ ਬਹੁਵਚਨ ਰੂਪ ਦੀ ਵਰਤੋਂ ਕਰਦਾ ਹੈ। AB ਬਾਈਬਲ ਅਨੁਵਾਦ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ "*ਤੁਹਾਡੇ ਸਭਨਾਂ* ਉੱਤੇ ਕਿਰਪਾ ਹੁੰਦੀ ਰਹੇ" (ਜ਼ੋਰ ਦਿੱਤਾ ਗਿਆ ਹੈ)। ਪੱਤਰ ਦਾ ਵਿਸ਼ਾ-ਵਸਤੂ ਇਹ ਵਿਖਾਉਂਦਾ ਹੈ ਕਿ ਪੌਲੁਸ ਚਾਹੁੰਦਾ ਸੀ ਕਿ ਤਿਮੋਥਿਉਸ ਇਹ ਪੱਤਰ ਅਫ਼ਸੁਸ ਦੀ ਕਲੀਸੀਆ ਦੇ ਨਾਲ ਸਾਂਝਾ ਕਰੇ। ਇਸ ਦਾ ਇਕ ਉਦਾਹਰਣ ਸ਼ੁਰੂਆਤੀ ਵਾਕ ਵਿਚ ਮਿਲਦਾ ਹੈ ਜਦੋਂ ਪੌਲੁਸ ਨੇ ਆਪਣੇ ਆਪ ਦੀ ਕੁਝ ਇਸ ਤਰ੍ਹਾਂ ਜਾਣ-ਪਛਾਣ ਕਰਾਈ: "ਪੌਲੁਸ ਜਿਹੜਾ ਸਾਡੇ ਮੁਕਤੀ ਦਾਤਾ ਪਰਮੇਸ਼ੁਰ ਅਤੇ ਸਾਡੀ ਆਸਾ ਮਸੀਹ ਯਿਸੂ ਦੀ ਆਗਿਆ ਅਨੁਸਾਰ ਮਸੀਹ ਯਿਸੂ ਦਾ ਰਸੂਲ ਹੈ" (1:1)। ਪੌਲੁਸ ਦੇ ਰਸੂਲੀ ਇਖ਼ਤਿਆਰ ਬਾਰੇ ਤਿਮੋਥਿਉਸ ਨੂੰ ਯਕੀਨ ਦਿਵਾਉਣ ਜਾਂ ਚੇਤੇ ਕਰਾਉਣ ਦੀ ਕੋਈ ਲੋੜ ਨਹੀਂ ਸੀ, ਪਰ ਸ਼ਾਇਦ ਅਫ਼ਸੁਸ ਵਿਚ ਰਹਿਣ ਵਾਲੇ ਕੁਝ ਮਸੀਹੀ ਲੋਕਾਂ ਨੂੰ ਇਸ ਦੇ ਬਾਰੇ ਯਕੀਨ ਦਿਵਾਉਣ ਜਾਂ ਚੇਤੇ ਕਰਾਉਣ ਦੀ ਜ਼ਰੂਰ ਲੋੜ ਸੀ (ਅਫ਼ਸੁਸ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੇ ਲਈ 1:3 ਤੇ ਟਿੱਪਣੀਆਂ ਵੇਖੋ)।

ਕਈਆਂ ਨੇ ਸੁਝਾਅ ਦਿੱਤਾ ਹੈ ਕਿ 1 ਤਿਮੋਥਿਉਸ ਦੀ ਪੱਤ੍ਰੀ "ਵਿਅਕਤੀਗਤ ਹੈ, ਪਰ ਨਿੱਜੀ ਨਹੀਂ।"[1] ਜਿਵੇਂ ਤਿਮੋਥਿਉਸ ਨੇ ਪੌਲੁਸ ਦੀਆਂ ਹਦਾਇਤਾਂ ਦਾ ਪਾਲਣ ਕੀਤਾ ਸੀ, ਇਹ ਕਲਪਨਾ ਕਰਨਾ ਮੁਸ਼ਕਲ ਨਹੀਂ ਹੈ ਕਿ ਉਸ ਨੇ ਇਹ ਕਹਿੰਦੇ ਹੋਏ ਅਫ਼ਸੁਸ ਦੀ ਮੰਡਲੀ ਦੇ ਅੱਗੇ ਪ੍ਰਾਸੰਗਿਕ ਹਵਾਲਿਆਂ ਨੂੰ ਪੜ੍ਹਿਆ ਹੋਵੇਗਾ ਕਿ "ਮੈਂ ਸਿਰਫ ਉਹੀ ਕਰ ਰਿਹਾ ਹਾਂ ਜੋ ਪੌਲੁਸ ਨੇ ਮੈਨੂੰ ਕਰਨ ਦੇ ਲਈ ਆਖਿਆ ਸੀ।"

## ਲੇਖਕ

ਕਿਸ ਨੇ 1 ਅਤੇ 2 ਤਿਮੋਥਿਉਸ ਅਤੇ ਤੀਤੁਸ ਦੀ ਪੱਤ੍ਰੀ ਲਿਖੀ ਸੀ? ਸਾਡੇ ਵਿੱਚੋਂ ਉਨ੍ਹਾਂ ਲੋਕਾਂ ਦੇ ਲਈ ਜਿਹੜੇ ਵਚਨ ਦੀ ਪ੍ਰੇਰਣਾ ਨੂੰ ਸਵੀਕਾਰ ਕਰਦੇ ਹਨ (2 ਤਿਮੋਥਿਉਸ 3:16, 17), ਇਹ ਸਵਾਲ ਕੋਈ ਮੁਸ਼ਕਲ ਪੇਸ਼ ਨਹੀਂ ਕਰਦਾ। ਇਹ ਤਿੰਨੇ ਪੱਤ੍ਰੀਆਂ ਦਾ ਸਿਹਰਾ ਪੌਲੁਸ ਰਸੂਲ ਦੇ ਸਿਰ ਮੜ੍ਹਿਆ ਗਿਆ ਹੈ (1:1; 2 ਤਿਮੋਥਿਉਸ 1:1; ਤੀਤੁਸ 1:1); ਸਾਡੇ ਲਈ, ਸਵਾਲ ਦਾ ਜਵਾਬ ਇਹ ਹੈ। ਇਸ ਤੋਂ ਇਲਾਵਾ, ਪੌਲੁਸ ਦੇ ਲੇਖਕ ਹੋਣ ਦੀ ਗੱਲ ਨੂੰ "ਕਲੀਸੀਆ ਦੇ ਆਰੰਭਕ ਮੋਢੀਆਂ"

ਅਰਥਾਤ ਰੋਮ ਦੇ ਕਲੀਮੈਂਟ (90 ਈਸਵੀ) ਤੋਂ ਲੈ ਕੇ ਓਰੀਜੈਨ (210-250 ਈਸਵੀ) ਤੱਕ ਸਵੀਕਾਰ ਕੀਤਾ ਗਿਆ ਸੀ।[2] ਜੇ. ਡਬਲਿਯੂ. ਰੌਬਰਟਸ ਨੇ ਲਿਖਿਆ,

> ਬਾਈਬਲ ਵਿਚ ਸ਼ਾਇਦ ਹੀ ਕੋਈ ਪੁਸਤਕ ਹੈ ਜਿਸ ਦਾ ਰੋਮ ਦੇ ਕਲੀਮੈਂਟ (ਲਗਭਗ 96 ਈਸਵੀ) ਤੋਂ ਲੈ ਕੇ ਆਰੰਭਕ ਮਸੀਹੀ ਲੇਖਕਾਂ ਦੁਆਰਾ ਜ਼ਿਆਦਾ ਹਵਾਲਾ ਦਿੱਤਾ ਗਿਆ ਸੀ। ... ਇਨ੍ਹਾਂ ਪੁਸਤਕਾਂ ਨੂੰ ਨਵੇਂ ਨਾਮ ਦੇ ਸਾਰੇ ਆਰੰਭਕ ਅਨੁਵਾਦਾਂ ਵਿਚ ਸ਼ਾਮਲ ਕੀਤਾ ਗਿਆ ਹੈ। ... ਕਿਸੇ ਵੀ ਵਿਦਵਾਨ ਨੇ ਬਾਈਬਲ ਵਿਚ ਇਨ੍ਹਾਂ ਪੱਤ੍ਰੀਆਂ ਨੂੰ ਪੌਲੁਸ ਦੀਆਂ ਰਚਨਾਵਾਂ ਦੇ ਰੂਪ ਵਿਚ ਸ਼ਾਮਲ ਕਰਨ ਤੇ ਕਦੇ ਕੋਈ ਸਵਾਲ ਖੜ੍ਹਾ ਨਹੀਂ ਸੀ ਕੀਤਾ ਜਦੋਂ ਤੱਕ ਕਿ ਅਜੋਕੇ ਸਮਿਆਂ ਵਿਚ ਤਰਕਵਾਦ ਦਾ ਆਗਮਨ ਨਹੀਂ ਸੀ ਹੋਇਆ।[3]

ਜਿਹੜੇ ਪੌਲੁਸ ਨੂੰ ਲੇਖਕ ਦੇ ਰੂਪ ਵਿਚ ਠੁਕਰਾਉਂਦੇ ਹਨ ਉਨ੍ਹਾਂ ਦੇ ਵੱਲੋਂ ਕੀ ਦਲੀਲਾਂ ਦਿੱਤੀਆਂ ਗਈਆਂ ਹਨ? ਬਹੁਤ ਸਾਰੇ ਅੰਦਰੂਨੀ ਅਤੇ ਬਾਹਰੀ ਸਬੂਤਾਂ ਦੇ ਬਾਵਜੂਦ ਵੀ ਕਿ ਇਹ ਪੱਤ੍ਰੀਆਂ ਪੌਲੁਸ ਦੁਆਰਾ ਲਿਖੀਆਂ ਗਈਆਂ ਸਨ, ਅੱਜ ਦੇ ਸਮੇਂ ਧਰਮ-ਗਿਆਨ ਦੇ ਦਾਇਰਿਆਂ ਵਿਚ ਇਹ ਇਨਕਾਰ ਕਰਨਾ ਲੋਕਪ੍ਰਿਯ ਬਣ ਚੁੱਕਾ ਹੈ ਕਿ ਪੌਲੁਸ ਇਨ੍ਹਾਂ ਦਾ ਲੇਖਕ ਸੀ। ਜਵਾਨ ਧਰਮ-ਗਿਆਨ ਦੇ ਸ਼ਾਸਤਰੀਆਂ ਦੇ ਲਈ ਲਿਖੀ ਇਕ ਪੁਸਤਕ ਵਿਚ, ਲੂਕ ਤਿਮੋਥੀ ਜੌਨਸਨ ਨੇ ਇਹ ਕਿਹਾ ਸੀ "ਵਿਦਵਾਨਾਂ ਦੀ ਰਾਇ ਵਿਚ ਪਾਸਬਾਨੀ ਦੇ ਲਈ ਲਿਖੀਆਂ ਗਈਆਂ ਇਹ ਪੱਤ੍ਰੀਆਂ [ਤਿਮੋਥਿਉਸ ਅਤੇ ਤੀਤੁਸ ਵਰਗੇ ਪ੍ਰਚਾਰਕਾਂ ਨੂੰ ਲਿਖੀਆਂ ਗਈਆਂ ਤਿੰਨ ਪੱਤ੍ਰੀਆਂ] ਪੌਲੁਸ ਦੁਆਰਾ ਨਹੀਂ ਪਰ ਬਾਅਦ ਵਿਚ ਪੌਲੁਸੀ ਸਿੱਖਿਆ ਦੇ ਮੰਨਣ ਵਾਲਿਆਂ ਦੁਆਰਾ ਲਿਖੀਆਂ ਗਈਆਂ ਸਨ।"[4] ਫਿਰ ਉਸ ਨੇ ਕਿਹਾ, "ਇਸ ਲਈ ਮੇਰਾ ਮੰਨਣਾ ਹੈ ਕਿ ਮੇਰੇ ਪਾਠਕ ਸ਼ਾਇਦ ਇਨ੍ਹਾਂ ਪੱਤ੍ਰੀਆਂ ਨੂੰ ਪੌਲੁਸ ਦੇ ਸਕੂਲ ਦੀਆਂ ਝੂਠੀਆਂ ਰਚਨਾਵਾਂ ਦੇ ਰੂਪ ਵਿਚ ਸਮਝਦੇ ਹਨ ਜੋ ਕਿ ਪੌਲੁਸ ਦੀ ਮੌਤ ਤੋਂ ਕਈ ਸਾਲਾਂ ਬਾਅਦ ਲਿਖੀਆਂ ਗਈਆਂ ਸਨ।"[5]

ਇਨ੍ਹਾਂ "ਵਿਦਵਾਨਾਂ" ਦੁਆਰਾ ਪੌਲੁਸ ਨੂੰ ਲੇਖਕ ਦੇ ਰੂਪ ਵਿਚ ਠੁਕਰਾਉਣ ਦੇ ਲਈ ਕਿਹੜੇ ਕਾਰਣ ਦਿੱਤੇ ਗਏ ਹਨ? ਇਕ ਵਿਅਕਤੀ ਨੂੰ ਉਨ੍ਹਾਂ ਦੀਆਂ ਦਲੀਲਾਂ ਦੀ ਵਿਸਤ੍ਰਿਤ ਚਰਚਾ ਦੇ ਲਈ ਹੋਰ ਕਿਤੇ ਨਜ਼ਰ ਮਾਰਨ ਦੀ ਲੋੜ ਹੈ,[6] ਪਰ ਹੇਠਾਂ ਉਨ੍ਹਾਂ ਦਲੀਲਾਂ ਵਿੱਚੋਂ ਸਭ ਤੋਂ ਜ਼ਿਆਦਾ ਪ੍ਰਸਿੱਧ ਦਲੀਲਾਂ ਦਾ ਸਾਰ ਦਿੱਤਾ ਗਿਆ ਹੈ। ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਸਬੂਤ ਦਾ ਬੋਝ ਉਨ੍ਹਾਂ ਉੱਤੇ ਹੈ ਜਿਹੜੇ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਪੌਲੁਸ ਇਹ ਤਿੰਨ ਪੱਤ੍ਰੀਆਂ ਨਹੀਂ ਸੀ ਲਿਖ ਸਕਦਾ।

*ਭਾਸ਼ਾ ਸੰਬੰਧੀ ਦਲੀਲ।* ਵਿਲੀਅਮ ਬਾਰਕਲੇਅ ਨੇ ਕਿਹਾ ਹੈ ਕਿ "ਸਭ ਤੋਂ ਪ੍ਰਭਾਵਸ਼ਾਲੀ ਦਲੀਲ" ਇਹ ਹੈ ਕਿ ਇਸ ਪੱਤ੍ਰੀ ਵਿਚ ਜਿਸ ਤਰੀਕੇ ਨਾਲ ਸ਼ਬਦਾਵਲੀ ਅਤੇ ਵਿਆਕਰਣ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ ਉਹ ਪੌਲੁਸ ਦੁਆਰਾ ਲਿਖੀਆਂ ਗਈਆਂ ਹੋਰਨਾਂ ਪੱਤ੍ਰੀਆਂ ਨਾਲੋਂ ਬਿਲਕੁਲ ਵੱਖਰੀ ਹੈ।[7] ਸ਼ਬਦਾਵਲੀ ਸੰਬੰਧੀ, ਇਹ ਵੇਖਿਆ ਗਿਆ ਹੈ ਕਿ ਤਿੰਨਾਂ ਪੱਤ੍ਰੀਆਂ ਵਿਚ ਨਵੇਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਉਹ ਸ਼ਬਦ ਜੋ ਪੌਲੁਸ ਦੁਆਰਾ ਹੋਰਨਾਂ ਪੱਤ੍ਰੀਆਂ ਵਿਚ ਵਰਤੇ ਗਏ ਹਨ ਇਨ੍ਹਾਂ ਲਿਖਤਾਂ ਵਿਚ ਗਾਇਬ ਹਨ।[8] ਇਹ ਸੱਚ ਹੈ, ਪਰ ਇਹ ਵੀ ਸੱਚ ਹੈ ਕਿ ਪੌਲੁਸ ਦੁਆਰਾ ਵਰਤੀ ਗਈ ਸ਼ਬਦਾਵਲੀ ਉਸ ਦੀਆਂ ਅਵਿਵਾਦਿਤ ਪੱਤ੍ਰੀਆਂ ਵਿਚਕਾਰ ਅਲੱਗ-ਅਲੱਗ ਹੈ। ਰੌਬਰਟਸ ਨੇ ਇਹ ਵਿਆਖਿਆ ਦਿੱਤੀ ਹੈ ਕਿ "[ਸ਼ਬਦਾਵਲੀ ਵਿਚ] ਇਨ੍ਹਾਂ ਫ਼ਰਕਾਂ ਨੂੰ ਵਧਾ ਚੜ੍ਹਾ ਕੇ ਦੱਸਿਆ ਗਿਆ ਹੈ। ਅਸਲ ਵਿਚ ਜੇਕਰ ਉਨ੍ਹਾਂ ਫ਼ਰਕਾਂ ਨੂੰ ਗਿਣਿਆ ਜਾਵੇ ਤਾਂ ਉਹ ਥੱਸਲੁਨੀਕੀਆਂ ਦੀਆਂ ਪੱਤ੍ਰੀਆਂ ਵਿਚ ਪਾਈ ਜਾਣ ਵਾਲੀ ਪੌਲੁਸ ਦੀ ਕੁੱਲ ਸ਼ਬਦਾਵਲੀ ਨਾਲੋਂ ਜ਼ਿਆਦਾ ਵੱਖਰੇ ਨਹੀਂ ਹਨ।"[9] ਸ਼ੈਲੀ ਸੰਬੰਧੀ, ਇਹ ਦੱਸਿਆ ਗਿਆ ਹੈ ਕਿ ਤਿਮੋਥਿਉਸ ਅਤੇ ਤੀਤੁਸ ਨੂੰ ਲਿਖੀਆਂ ਗਈਆਂ

ਤਿੰਨ ਪੱਤ੍ਰੀਆਂ ਦੀਆਂ ਸ਼ੈਲੀ ਪੌਲੁਸ ਦੀ ਉਸ ਸ਼ੈਲੀ ਨਾਲੋਂ ਵੱਖਰੀ ਹੈ ਜੋ ਰੋਮੀਆਂ, ਅਫ਼ਸੀਆਂ ਅਤੇ ਹੋਰਨਾਂ ਨੂੰ ਲਿਖੀਆਂ ਗਈਆਂ ਪੱਤ੍ਰੀਆਂ ਵਿਚ ਵੇਖੀ ਗਈ ਹੈ।

ਸ਼ਬਦਾਵਲੀ ਅਤੇ ਸ਼ੈਲੀ ਵਿਚ ਜੋ ਫ਼ਰਕ ਹਨ ਉਨ੍ਹਾਂ ਦਾ ਹੇਠਾਂ ਦਿੱਤੀਆਂ ਗਈਆਂ ਵਿਆਖਿਆਵਾਂ ਤੋਂ ਪਤਾ ਲਗਾਇਆ ਜਾ ਸਕਦਾ ਹੈ:

ਸਰੋਤਿਆਂ ਵਿਚ ਫ਼ਰਕ। ਫਿਲੇਮੋਨ ਨੂੰ ਲਿਖੇ ਪੱਤਰ ਤੋਂ ਇਲਾਵਾ, ਪੌਲੁਸ ਦੀਆਂ ਬਾਕੀ ਦੀਆਂ ਪੱਤ੍ਰੀਆਂ ਵੱਖ-ਵੱਖ ਮੰਡਲੀਆਂ ਨੂੰ ਲਿਖੀਆਂ ਗਈਆਂ ਸਨ, ਜਦ ਕਿ ਇਹ ਇਕੱਲੇ-ਇਕੱਲੇ ਵਿਅਕਤੀ ਨੂੰ ਲਿਖੀਆਂ ਗਈਆਂ ਸਨ। ਆਮ ਤੌਰ ਤੇ, ਉਨ੍ਹਾਂ ਦੇ ਵਿਚ ਸੁਰ ਜ਼ਿਆਦਾ ਵਿਅਕਤੀਗਤ ਹੈ।

ਦ੍ਰਿਸ਼ਟੀਕੋਣ ਵਿਚ ਫ਼ਰਕ। ਵੱਖ-ਵੱਖ ਮੰਡਲੀਆਂ ਨੂੰ ਲਿਖੀਆਂ ਗਈਆਂ ਪੱਤ੍ਰੀਆਂ ਦੇ ਉਲਟ, ਇਹ ਤਿੰਨ ਪੱਤ੍ਰੀਆਂ ਵਿਸ਼ੇਸ਼ ਤੌਰ ਤੇ ਪੱਤ੍ਰੀਆਂ ਨੂੰ ਪ੍ਰਾਪਤ ਕਰਨ ਵਾਲਿਆਂ ਨੂੰ ਇਹ ਸਲਾਹ ਦੇਣ ਦੇ ਲਈ ਲਿਖੀਆਂ ਗਈਆਂ ਸਨ ਕਿ ਉਨ੍ਹਾਂ ਨੇ ਕੁਝ ਸਮੱਸਿਆਵਾਂ ਨੂੰ ਕਿਵੇਂ ਸੁਲਝਾਉਣਾ ਹੈ।

ਵਿਸ਼ਾ-ਵਸਤੂ ਵਿਚ ਫ਼ਰਕ। ਪੌਲੁਸ ਨੇ ਬੰਦਗੀ, ਅਗਵਾਈ, ਵਿਧਵਾਂ ਅਤੇ ਹੋਰ ਮਸਲਿਆਂ ਤੇ ਚਰਚਾ ਕੀਤੀ ਜਿਨ੍ਹਾਂ ਨੂੰ ਹੋਰਨਾਂ ਪੱਤ੍ਰੀਆਂ ਵਿਚ ਵਿਸਤਾਰ ਨਾਲ ਸੰਬੋਧਿਤ ਨਹੀਂ ਸੀ ਕੀਤਾ ਗਿਆ।

ਸਮੇਂ ਵਿਚ ਫ਼ਰਕ। ਪੌਲੁਸ ਹੁਣ ਜੋਸ਼ੀਲਾ ਅਤੇ ਜਵਾਨ ਖੁਸ਼ਖ਼ਬਰੀ ਪਰਚਾਰਕ ਨਹੀਂ ਸੀ। ਹੁਣ "ਪੌਲੁਸ ਬੁੱਢਾ ਹੋ ਗਿਆ ਸੀ,"[10] ਜਿਸ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਰਮੇਸ਼ੁਰ ਦੀ ਕਲੀਸੀਆ ਦੇ ਭਵਿੱਖ ਦੀ ਚਿੰਤਾ ਸੀ।[11]

ਧਰਮ ਦੇ ਖੇਤਰ ਵਿਚ, ਮੈਂ ਬਹੁਤ ਸਾਰੀਆਂ ਕਮੈਂਟਰੀਆਂ, ਉਪਦੇਸ਼ਾਂ ਦੀਆਂ ਪੁਸਤਕਾਂ, (ਬਹਾਲੀ ਦੀ ਲਹਿਰ ਬਾਰੇ) ਇਕ ਇਤਹਾਸ ਅਤੇ ਬਾਈਬਲ ਦੀ ਸਿੱਖਿਆ ਤੇ ਪੁਸਤਕਾਂ (ਖਾਸਕਰ ਫਿਲਮਾਂ ਦੇ ਵਿਸ਼ੇ ਤੇ) ਲਿਖ ਚੁੱਕਾ ਹਾਂ। ਇਹ ਪੁਸਤਕਾਂ ਵਿਸ਼ਾ-ਸੂਚੀ, ਦ੍ਰਿਸ਼ਟੀਕੋਣ, ਵਿਸ਼ਾ-ਵਸਤੂ, ਸ਼ਬਦਾਵਲੀ ਆਦਿ ਵਿਚ ਇਕ ਦੂਜੇ ਤੋਂ ਵੱਖ ਸਨ। ਜੇਕਰ "ਵਿਦਵਾਨਾਂ ਦੇ" ਦ੍ਰਿਸ਼ਟੀਕੋਣ ਨੂੰ ਪੌਲੁਸ ਦੇ ਲੇਖਕ ਹੋਣ ਨੂੰ ਨਾ ਮੰਨਣ ਦੇ ਲਈ ਲਾਗੂ ਕੀਤਾ ਜਾਂਦਾ, ਤਾਂ ਇਹ "ਸਾਬਤ" ਕੀਤਾ ਜਾ ਸਕਦਾ ਸੀ ਕਿ ਡੇਵਿਡ ਰੋਪਰ ਜਿਸ ਨੇ ਕਮੈਂਟਰੀਆਂ ਲਿਖੀਆਂ ਸਨ ਉਸ ਨੇ ਉਪਦੇਸ਼ਾਂ ਤੇ ਪੁਸਤਕਾਂ ਨਹੀਂ ਸੀ ਲਿਖੀਆਂ ਅਤੇ ਉਹ ਡੇਵਿਡ ਰੋਪਰ ਜਿਸ ਨੇ ਇਤਹਾਸ ਦੀ ਪੁਸਤਕ ਲਿਖੀ ਸੀ ਉਸ ਨੇ ਸਿੱਖਿਆ ਤੇ ਪੁਸਤਕਾਂ ਨਹੀਂ ਸੀ ਲਿਖੀਆਂ।

ਦਰਅਸਲ, ਤਿੰਨ ਪੱਤ੍ਰੀਆਂ ਵਿਚ ਵਰਤੀ ਗਈ ਸ਼ਬਦਾਵਲੀ ਅਤੇ ਸ਼ੈਲੀ ਤੇ ਅਧਾਰਿਤ ਸਬੂਤ ਪੌਲੁਸ ਦੇ ਲੇਖਕ ਹੋਣ ਵਿਰੁੱਧ ਕੋਈ ਨਿਸ਼ਚਤ ਬਿਆਨ ਦੇਣ ਦੇ ਲਈ ਕਾਫੀ ਨਹੀਂ ਹੈ। NASB ਬਾਈਬਲ ਦੀ ਮੇਰੀ ਪ੍ਰਤੀਲਿੱਪੀ ਵਿਚ, ਤਿੰਨ ਪੱਤ੍ਰੀਆਂ ਨੂੰ ਮਿਲਾ ਕੇ ਸਿਰਫ ਨੌਂ ਸਫ਼ੇ ਬਣਦੇ ਹਨ ਅਤੇ ਇਸ ਵਿਚ ਕਈ ਸੈਂਕੜਾ ਵੱਖ-ਵੱਖ ਅੰਗ੍ਰੇਜ਼ੀ ਦੇ ਸ਼ਬਦ ਵਰਤੇ ਜਾਂਦੇ ਹਨ। ਅਸੀਂ ਪੌਲੁਸ ਦੇ ਸਮੇਂ ਵਿਚ ਔਸਤਨ ਸ਼ਬਦਾਵਲੀ ਵਿਚ ਸ਼ਬਦਾਂ ਦੀ ਗਿਣਤੀ ਨੂੰ ਨਹੀਂ ਜਾਣ ਸਕਦੇ, ਪਰ ਅੱਜ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਕ ਪੜ੍ਹੇ ਲਿਖੇ ਵਿਅਕਤੀ ਦੀ ਆਪਣੀ ਸ਼ਬਦਾਵਲੀ ਵਿਚ 20,000 ਤੋਂ 35,000 ਸ਼ਬਦ ਹੁੰਦੇ ਹਨ।[12] ਪੌਲੁਸ ਬਹੁਤ ਜ਼ਿਆਦਾ ਪੜ੍ਹਿਆ ਲਿਖਿਆ ਸੀ; ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਸ ਦੇ ਕੋਲ ਹਜ਼ਾਰਾਂ ਸ਼ਬਦ ਸਨ। ਇਹ ਕਹਿਣਾ ਕਿ ਉਸ ਨੇ ਇਕ ਪੱਤ੍ਰੀ ਵਿਚ ਕੁਝ ਸ਼ਬਦ ਵਰਤੇ ਅਤੇ ਕਿਸੇ ਹੋਰ ਪੱਤ੍ਰੀ ਵਿਚ ਵੱਖਰੇ ਸ਼ਬਦ ਵਰਤੇ ਇਸ ਗੱਲ ਦਾ

ਸਬੂਤ ਨਹੀਂ ਹੈ ਕਿ ਉਸ ਨੇ ਦੋਵੇਂ ਪੱਤ੍ਰੀਆਂ ਨਹੀਂ ਸੀ ਲਿਖੀਆਂ।

ਵਿਲੀਅਮ ਹੈਂਡਰਿਕਸਨ ਸਹੀ ਸੀ ਜਦੋਂ ਉਸ ਨੇ ਲਿਖਿਆ, "ਪੌਲੁਸ ਆਪਣੀ ਹਰੇਕ ਪੱਤ੍ਰੀ ਵਿਚ (ਆਤਮਾ ਦੀ ਪ੍ਰੇਰਣਾ ਨਾਲ ਪ੍ਰਾਪਤ ਕੀਤੇ) ਸ਼ਬਦਾਂ ਦੀ ਵਰਤੋਂ ਕਰਦਾ ਹੈ ਜਿਨ੍ਹਾਂ ਦੀ ਉਸ ਨੂੰ ਕਿਸੇ ਖਾਸ ਵਿਸ਼ੇ ਸੰਬੰਧੀ ਆਪਣੇ (ਆਤਮਾ ਦੀ ਪ੍ਰੇਰਣਾ ਨਾਲ ਪ੍ਰਾਪਤ ਕੀਤੇ) ਵਿਚਾਰਾਂ ਨੂੰ ਪਰਗਟ ਕਰਨ ਦੇ ਲੋੜ ਹੈ ਜਿਸ ਦਾ ਉਹ ਵਰਣਨ ਕਰਦਾ ਹੈ।"[13]

*ਇਤਹਾਸਕ ਦਲੀਲ।* ਬਾਰਕਲੇਅ ਨੇ ਕਿਹਾ ਸੀ, "ਸ਼ਾਇਦ ਪਾਸਬਾਨੀ ਦੇ ਲਈ ਲਿਖੀਆਂ ਗਈਆਂ ਇਨ੍ਹਾਂ ਪੱਤ੍ਰੀਆਂ ਦੀ ਸਭ ਤੋਂ ਸਪੱਸ਼ਟ ਮੁਸ਼ਕਲ ਇਹ ਹੈ ਕਿ ਉਹ ਪੌਲੁਸ ਨੂੰ ਉਨ੍ਹਾਂ ਕੰਮਾਂ ਵਿਚ ਲੱਗਾ ਹੋਇਆ ਵਿਖਾਉਂਦੀਆਂ ਹਨ ਜਿਨ੍ਹਾਂ ਦਾ ਉਸ ਦੇ ਜੀਵਨ ਵਿਚ ਕੋਈ ਸਥਾਨ ਨਹੀਂ ਹੈ ਜਿਵੇਂ ਕਿ ਅਸੀਂ ਇਹ ਰਸੂਲਾਂ ਦੇ ਕਰਤੱਬ ਪੁਸਤਕ ਤੋਂ ਜਾਣਦੇ ਹਾਂ।"[14]

ਇਸ ਦਲੀਲ ਦੀਆਂ ਕਈ ਕਲਪਨਾਵਾਂ ਕੀਤੀਆਂ ਜਾਂਦੀਆਂ ਹਨ। ਸਭ ਤੋਂ ਪਹਿਲੀ ਗੱਲ, ਇਹ ਕਲਪਨਾ ਕੀਤੀ ਜਾਂਦੀ ਹੈ ਕਿ ਰਸੂਲਾਂ ਦੇ ਕਰਤੱਬ ਵਿਚ ਪੌਲੁਸ ਦੀਆਂ ਸਾਰੀਆਂ ਯਾਤਰਾਵਾਂ ਅਤੇ ਕੰਮਾਂ ਦਾ ਜ਼ਿਕਰ ਕੀਤਾ ਗਿਆ ਹੈ, ਜੋ ਕਿ ਸੱਚ ਨਹੀਂ ਹੈ। ਉਦਾਹਰਣ ਦੇ ਲਈ, 2 ਕੁਰਿੰਥੀਆਂ 11:25 ਵਿਚ ਕਦੋਂ ਉਸ ਦੇ ਤਿੰਨ ਵਾਰ ਬੇੜੇ ਦੇ ਗਰਕਣ ਦਾ ਜ਼ਿਕਰ ਕੀਤਾ ਗਿਆ ਸੀ?[15]

ਦੂਜੀ ਗੱਲ, ਇਹ ਦਲੀਲ ਇਹ ਕਲਪਨਾ ਕਰਦੀ ਹੈ ਕਿ ਪੌਲੁਸ ਦੋਸ਼ੀ ਪਾਇਆ ਗਿਆ ਸੀ ਅਤੇ ਰਸੂਲਾਂ ਦੇ ਕਰਤੱਬ ਖਤਮ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਉਸ ਨੂੰ ਫਾਂਸੀ ਦੇ ਦਿੱਤੀ ਗਈ ਸੀ, ਇਕ ਅਜਿਹੀ ਕਲਪਨਾ ਜੋ ਕਿ ਇਤਹਾਸਕ ਸਬੂਤ ਤੋਂ ਬਿਨਾਂ ਹੈ। ਬਜਾਇ ਇਸ ਦੇ, ਰਸੂਲਾਂ ਦੇ ਕਰਤੱਬ ਵਿਚ ਜੇਲ ਦੌਰਾਨ ਲਿਖੀਆਂ ਗਈਆਂ ਪੱਤ੍ਰੀਆਂ ਵਿਚ ਪਾਈ ਜਾਣ ਵਾਲੀ ਉਸ ਦੀ ਰਿਹਾਈ ਦੀ ਆਸ (ਰਸੂਲਾਂ ਦੇ ਕਰਤੱਬ 28:30; ਫਿਲਿੱਪੀਆਂ 1:25; 2:24; ਫਿਲੇਮੋਨ 22) ਅਤੇ 2 ਤਿਮੋਥਿਉਸ ਵਿਚ ਉਸ ਦੇ ਜੇਲ ਦੌਰਾਨ ਮੌਤ ਦੀ ਆਸ (2 ਤਿਮੋਥਿਉਸ 2:9; 4:6-8) ਵਿਚਕਾਰ ਇਕ ਤਿੱਖੀ ਤੁਲਨਾ ਹੈ। ਉਸ ਤੁਲਨਾ ਦੇ ਲਈ ਸਭ ਤੋਂ ਸਰਲ ਵਿਆਖਿਆ ਆਰੰਭਕ ਕਲੀਸੀਆ ਵਿਚ ਮਜ਼ਬੂਤ ਪਰੰਪਰਾ ਦੀ ਇਹ ਸੱਚਾਈ ਹੈ ਕਿ ਪੌਲੁਸ ਨੂੰ ਉਸ ਦੀ ਪਹਿਲੀ ਕੈਦ ਤੋਂ ਰਿਹਾਅ ਕਰ ਦਿੱਤਾ ਗਿਆ ਸੀ ਰੋਮ ਵਿਚ ਉਸ ਦੇ ਦੂਜੀ ਵਾਰ ਕੈਦ ਹੋਣ ਤੋਂ ਪਹਿਲਾਂ (ਜਿਸ ਦੇ ਦੌਰਾਨ ਉਸ ਨੇ 2 ਤਿਮੋਥਿਉਸ ਦੀ ਪੱਤ੍ਰੀ ਲਿਖੀ ਸੀ) ਉਸ ਨੇ ਵੱਡੇ ਪੈਮਾਨੇ ਤੇ ਯਾਤਰਾ ਕੀਤੀ ਸੀ।[16] ਜੇ. ਐਨ. ਡੀ. ਕੈਲੀ ਨੇ ਲਿਖਿਆ, "ਦੂਜੀ ਵਾਰ ਰੋਮੀ ਕੈਦ ਦੀ ਸਿੱਖਿਆ ਦ੍ਰਿੜ੍ਹ ਰੂਪ ਵਿਚ ਸਥਿਰ ਪ੍ਰਤੀਤ ਹੁੰਦੀ ਹੈ। ... ਜੇਕਰ ਇਹ ਸੱਚਮੁੱਚ ਹੋਇਆ ਸੀ, ਪੌਲੁਸ ਦੇ ਜੀਵਨ ਵਿਚ ਪਾਸਬਾਨੀ ਦੇ ਲਈ ਲਿਖੀਆਂ ਗਈਆਂ ਪੱਤ੍ਰੀਆਂ ਦੇ ਲਈ ਇਕ ਥਾਂ ਨੂੰ ਲੱਭਣ ਦੀ ਕਥਿਤ ਮੁਸ਼ਕਲ ਉਸੇ ਵਕਤ ਮਿੱਟ ਜਾਂਦੀ ਹੈ।"[17]

*ਧਰਮ-ਗਿਆਨ ਦੀ ਦਲੀਲ।* ਇਹ ਦਲੀਲ ਮੂਲ ਰੂਪ ਵਿਚ ਇਹ ਕਹਿੰਦੀ ਹੈ ਕਿ ਕਿਉਂਕਿ 1 ਅਤੇ 2 ਤਿਮੋਥਿਉਸ ਅਤੇ ਤੀਤੁਸ ਦੀਆਂ ਪੱਤ੍ਰੀਆਂ ਰੋਮੀਆਂ ਦੀ ਪੱਤ੍ਰੀ ਵਰਗੀਆਂ ਧਰਮ-ਗਿਆਨ ਪੁਸਤਕਾਂ ਨਹੀਂ ਹਨ, ਹੋ ਸਕਦਾ ਹੈ ਕਿ ਪੌਲੁਸ ਨੇ ਉਨ੍ਹਾਂ ਨੂੰ ਨਾ ਲਿਖਿਆ ਹੋਵੇ। ਇਹ ਦਲੀਲ ਇਸ ਤੱਥ ਦਾ ਤਿਰਸਕਾਰ ਕਰਦੀ ਹੈ ਕਿ ਵਿਚਾਰ ਅਧੀਨ ਪੱਤ੍ਰੀਆਂ ਉਨ੍ਹਾਂ ਪੱਤ੍ਰੀਆਂ ਨਾਲੋਂ ਜਿਨ੍ਹਾਂ ਵਿਚ ਪੌਲੁਸ ਨੇ ਮੂਲ ਸਿੱਖਿਆ ਦੇ ਵਿਸ਼ਿਆਂ ਨੂੰ ਵਿਕਸਤ ਕੀਤਾ ਸੀ ਇਕ ਵੱਖਰੇ ਸਮੇਂ ਤੇ ਅਤੇ ਇਕ ਵੱਖਰੇ ਉਦੇਸ਼ ਦੇ ਲਈ ਲਿਖੀਆਂ ਗਈਆਂ ਸਨ। ਪਰ, ਭਾਵੇਂ ਕਿ ਇਹ ਪੱਤ੍ਰੀਆਂ ਸਿੱਖਿਆਤਮਕ ਨਿਬੰਧ ਨਹੀਂ ਹਨ, ਉਹ ਪੌਲੁਸ ਦੇ ਮੁੱਖ ਧਰਮ-ਗਿਆਨ ਦੇ ਵਿਸ਼ਿਆਂ ਨੂੰ ਅਣਡਿੱਠਾ ਨਹੀਂ ਕਰਦੀਆਂ। 1 ਤਿਮੋਥਿਉਸ 3:16 ਅਤੇ 2 ਤਿਮੋਥਿਉਸ 2:11-13 ਵਿਚ ਪਾਏ ਜਾਣ ਵਾਲੇ ਮੂਲ ਮਸੀਹੀ ਵਿਸ਼ਿਆਂ ਦੇ ਸ਼ਬਦਾਂ ਨਾਲੋਂ ਬਿਹਤਰ ਸ਼ਬਦ ਲੱਭਣਾ ਮੁਸ਼ਕਲ ਹੋਵੇਗਾ। ਪੌਲੁਸ ਦੇ ਪ੍ਰਸਿੱਧ ਵਿਸ਼ਿਆਂ ਦੇ ਹੋਰਨਾਂ ਉਦਾਹਰਣਾਂ ਵਿਚ ਹੇਠ ਲਿਖੇ ਵਿਸ਼ੇ ਸ਼ਾਮਲ ਹਨ:

ਕਿਰਪਾ ਨਾਲ ਮੁਕਤੀ (1:14; 2 ਤਿਮੋਥਿਉਸ 1:9; ਤੀਤੁਸ 3:5)।
ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਦੇ ਲਈ ਜਗਤ ਵਿਚ ਆਇਆ (1:15)।
ਸਾਨੂੰ ਉਸ ਤੇ ਪਰਤੀਤ ਕਰਨੀ ਚਾਹੀਦੀ ਹੈ (2 ਤਿਮੋਥਿਉਸ 1:12)।
ਮਸੀਹ ਸਾਡਾ ਵਿਚੋਲਾ ਹੈ (2:5)।
ਅਸੀਂ ਜੋ ਕੁਝ ਵੀ ਕਰੀਏ ਪਰਮੇਸ਼ੁਰ ਦੀ ਵਡਿਆਈ ਦੇ ਲਈ ਹੋਣਾ ਚਾਹੀਦਾ ਹੈ (6:16; 2 ਤਿਮੋਥਿਉਸ 4:18)।

ਇਕ ਹੋਰ ਸਵਾਲ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ: ਉਨ੍ਹਾਂ ਲੋਕਾਂ ਸੰਬੰਧੀ ਜਿਹੜੇ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ 1 ਅਤੇ 2 ਤਿਮੋਥਿਉਸ ਅਤੇ ਤੀਤੁਸ ਦਾ ਲੇਖਕ ਪੌਲੁਸ ਨਹੀਂ ਹੈ, ਇਨ੍ਹਾਂ ਪੱਤ੍ਰੀਆਂ ਦੇ ਮੁੱਢ ਬਾਰੇ ਉਨ੍ਹਾਂ ਦੀ ਕੀ ਸਿੱਖਿਆ ਹੈ? ਉਹ ਇਹ ਅੰਦਾਜ਼ਾ ਲਗਾਉਂਦੇ ਹਨ ਕਿ ਕਿਸੇ ਹੋਰ ਨੇ ਇਹ ਪੁਸਤਕਾਂ ਲਿਖੀਆਂ ਸਨ (ਫਰਜ਼ੀ ਲੇਖਕ, ਸ਼ਾਇਦ ਦੂਜੀ ਸਦੀ ਵਿਚ) ਅਤੇ ਉਨ੍ਹਾਂ ਨੂੰ ਜ਼ਿਆਦਾ ਇਖ਼ਤਿਆਰ ਦੇਣ ਦੇ ਲਈ ਇਨ੍ਹਾਂ ਨਾਲ ਪੌਲੁਸ ਦਾ ਨਾਮ ਜੋੜ ਦਿੱਤਾ ਸੀ। ਕੁਝ ਇਹ ਸੁਝਾਅ ਦਿੰਦੇ ਹਨ ਕਿ ਇਸ ਲੇਖਕ ਨੇ ਹੱਥਲਿਖਤਾਂ ਨੂੰ ਇਨ੍ਹਾਂ ਦੇ ਅਸਲੀ ਹੋਣ ਦਾ ਭਾਵ ਦੇਣ ਦੇ ਲਈ ਰਸੂਲ ਦੀਆਂ ਬਹੁਤ ਸਮੇਂ ਪਹਿਲਾਂ ਦੀਆਂ ਲਿਖਤਾਂ ਵਿੱਚੋਂ ਨਿੱਜੀ ਟਿੱਪਣੀਆਂ ਨੂੰ ਸ਼ਾਮਲ ਕੀਤਾ ਸੀ। ਹੋਰ ਕਮਜ਼ੋਰੀਆਂ ਵਿਚ, ਇਹ ਸਿੱਖਿਆ ਕੈਨਨ (ਬਾਈਬਲ ਵਿਚ ਪੁਸਤਕ ਨੂੰ ਸ਼ਾਮਲ ਕਰਨ ਦਾ ਮਾਪਦੰਡ) ਵਿਚ ਪੁਸਤਕਾਂ ਨੂੰ ਸ਼ਾਮਲ ਕਰਨ ਸੰਬੰਧੀ ਆਰੰਭਕ ਕਲੀਸੀਆ ਦੇ ਮੁੱਖ ਵਿਚਾਰ ਨੂੰ ਧਿਆਨ ਵਿਚ ਰੱਖਣ ਵਿਚ ਅਸਫ਼ਲ ਹੁੰਦੀ ਹੈ: ਨਿਰਵਿਵਾਦ ਸੱਚਾਈ। ਇਹ ਪੱਤ੍ਰੀਆਂ ਵਿਚ ਉਨ੍ਹਾਂ ਵਿਸ਼ਿਆਂ ਦਾ ਪਤਾ ਲਗਾਉਣ ਦੀ ਵੀ ਕੋਸ਼ਿਸ਼ ਕਰਦਾ ਹੈ ਜੋ ਦੂਜੀ ਸਦੀ ਦੇ ਲਈ ਖਾਸ ਸਨ – ਅਤੇ ਇਸ ਤਰ੍ਹਾਂ ਕਰਨ ਵਿਚ ਅਸਫ਼ਲ ਹੁੰਦਾ ਹੈ। ਜੌਨ ਆਰ. ਡਬਲਿਯੂ. ਸਟੌਟ ਨੇ ਟਿੱਪਣੀ ਕੀਤੀ ਸੀ,

> ਝੂਠੇ ਲੇਖਕ ਦਾ ਮਾਮਲਾ ਸੰਤੋਸ਼ਜਨਕ ਨਹੀਂ ਹੈ। ਮੱਤ ਜਿਨ੍ਹਾਂ ਦਾ ਇਰਾਦਾ ਨੇਕ ਸੀ, ਸਗੋਂ ਪਾਰਦਰਸ਼ੀ ਰੂਪ ਵਿਚ ਨਿਰਦੋਸ਼, ਕਿਸੇ ਲਿਖਤ ਦੇ ਲੇਖਕ ਦੇ ਝੂਠਾ ਨਾਮ ਸਵੀਕਾਰਯੋਗ ਸੀ ਉਸ ਦੇ ਵਿਚ ਸਬੂਤ ਦੀ ਕਮੀ ਸੀ। ਇਹ ਜਾਣਬੁੱਝ ਕੇ ਕੀਤੇ ਜਾਣ ਵਾਲੇ ਧੋਖੇ ਦੀ ਰੀਤ ਬਾਰੇ ਗੰਭੀਰ ਨੈਤਿਕ ਸਵਾਲ ਵੀ ਖੜ੍ਹੇ ਕਰਦਾ ਹੈ।[18]

ਹੋਰ ਬਹੁਤ ਸਾਰੇ ਵਿਦਵਾਨਾਂ ਦੇ ਨਾਲ ਮਿਲ ਕੇ, ਸਟੌਟ ਇਸ ਸਿੱਟੇ ਤੇ ਪਹੁੰਚਿਆ:

> ਪਾਸਬਾਨਾਂ ਦੇ ਲਈ ਲਿਖੀਆਂ ਪੱਤ੍ਰੀਆਂ ਦਾ ਲੇਖਕ ਪੌਲੁਸ ਹੈ ਜਾਂ ਨਹੀਂ ਇਹ ਮਾਮਲਾ ਹਾਲੇ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਅੰਦਰੂਨੀ ਦਾਅਵੇ ਅਤੇ ਬਾਹਰੀ ਗਵਾਹੀ (ਆਂ) ਦੋਵੇਂ ਮਜ਼ਬੂਤ, ਠੋਸ ਅਤੇ ਜ਼ਿੱਦੀ ਹਨ ... ।
>
> ਪੌਲੁਸ ਦੇ ਲੇਖਕ ਹੋਣ ਵਿਰੁੱਧ ਮਾਮਲਾ ਬਿਲਕੁਲ ਨਿਰਵਿਵਾਦ ਹੈ। ਪੇਸ਼ ਕੀਤੀਆਂ ਗਈਆਂ ਸਾਰੀਆਂ ਦਲੀਲਾਂ ਦਾ ਉੱਤਰ ਦਿੱਤਾ ਜਾ ਸਕਦਾ ਹੈ। ਉਹ ਦਲੀਲਾਂ ਪੌਲੁਸ ਦੇ ਲੇਖਕ ਨਾ ਹੋਣ ਨੂੰ ਸਾਬਤ ਕਰਨ ਦੇ ਲਈ ਕਾਫੀ ਨਹੀਂ ਹਨ।[19]

## ਪਿਛੋਕੜ ਅਤੇ ਮਿੱਤੀ

ਜਦੋਂ ਅਸੀਂ ਇਹ ਪੱਤਰ ਪੜ੍ਹਦੇ ਹਾਂ, ਅਸੀਂ ਅਤਿ-ਅਵਸ਼ੱਕਤਾ ਦੇ ਗੁਪਤ ਪ੍ਰਭਾਵ ਨੂੰ ਸਮਝਦੇ ਹਾਂ। ਪੌਲੁਸ ਉਸ ਯਾਤਰਾ ਤੇ ਸੀ ਜਿਸ ਨੂੰ ਕੁਝ ਲੋਕਾਂ ਨੇ ਉਸ ਦੀ "ਚੌਥੀ ਮਿਸ਼ਨਰੀ ਯਾਤਰਾ" ਕਿਹਾ ਹੈ। ਤੀਜੀ ਮਿਸ਼ਨਰੀ ਯਾਤਰਾ ਦੇ ਅੰਤ ਵਿਚ, ਉਸ ਨੂੰ ਯਰੂਸ਼ਲਮ ਵਿਚ ਗਿਰਫਤਾਰ ਕਰ ਲਿਆ

ਗਿਆ ਸੀ। ਫਲਿਸਤੀਨ ਤੋਂ, ਉਸ ਨੂੰ ਜੰਜੀਰਾਂ ਨਾਲ ਬੰਨ੍ਹ ਕੇ ਰੋਮ ਨੂੰ ਭੇਜਿਆ ਗਿਆ ਸੀ। ਜਦੋਂ ਉਹ ਰੋਮ ਦੀ ਕੈਦ ਵਿਚ ਸੀ,[20] ਉਸ ਨੇ "ਜੇਲ ਦੀਆਂ ਪੱਤ੍ਰੀਆਂ" ਲਿਖੀਆਂ ਸਨ (ਵੇਖੋ ਅਫ਼ਸੀਆਂ 6:20; ਫ਼ਿਲਿੱਪੀਆਂ 1:13; ਕੁਲੁੱਸੀਆਂ 4:18; ਫਿਲੇਮੋਨ 1)। ਉਹ ਪੱਤਰ ਇਹ ਦੱਸਦੇ ਹਨ ਕਿ ਉਸ ਨੂੰ ਰਿਹਾਅ ਹੋਣ ਦੀ ਉਮੀਦ ਸੀ (ਫ਼ਿਲਿੱਪੀਆਂ 1:25-27; 2:24; ਫਿਲੇਮੋਨ 22)। ਸਪੱਸ਼ਟ ਰੂਪ ਵਿਚ, ਉਸੇ ਤਰ੍ਹਾਂ ਹੀ ਹੋਇਆ ਸੀ। ਫਿਰ ਪੌਲੁਸ ਦੂਰ-ਦੂਰ ਤੱਕ ਗਿਆ ਜਦੋਂ ਤੱਕ ਉਸ ਨੂੰ ਰੋਮ ਵਿਚ ਦੁਬਾਰਾ ਗਿਰਫਤਾਰ ਕਰਕੇ ਫਾਂਸੀ ਨਹੀਂ ਦੇ ਦਿੱਤੀ ਗਈ।

1 ਤਿਮੋਥਿਉਸ ਅਤੇ ਤੀਤੁਸ ਦਾ ਪਿਛੋਕੜ ਕਥਿਤ "ਚੌਥੀ ਮਿਸ਼ਨਰੀ ਯਾਤਰਾ" ਹੈ, ਜਦ ਕਿ 2 ਤਿਮੋਥਿਉਸ ਦਾ ਵਾਤਾਵਰਣ ਰੋਮ ਵਿਚ ਪੌਲੁਸ ਦੀ ਦੂਜੀ ਕੈਦ ਸੀ ਉਸ ਦੀ ਮੌਤ ਤੋਂ ਥੋੜ੍ਹਾ ਚਿਰ ਪਹਿਲਾਂ। ਅਸੀਂ ਇਸ ਸਮੇਂ ਦੌਰਾਨ ਕਿਸੇ ਵੀ ਨਿਸ਼ਚਤਤਾ ਨਾਲ ਪੌਲੁਸ ਦੀ ਪੌਲੁਸ ਦੀ ਯਾਤਰਾ ਦੀ ਮੁੜ ਰਚਨਾ ਨਹੀਂ ਕਰ ਸਕਦੇ, ਪਰ ਤਿੰਨ ਪੱਤਰ ਵੱਖ-ਵੱਖ ਥਾਵਾਂ ਦਾ ਜ਼ਿਕਰ ਕਰਦੇ ਹਨ: ਅਫ਼ਸੁਸ, ਮਕਦੂਨਿਯਾ ਅਤੇ ਕਰੇਤੀ ਦਾ ਟਾਪੂ, ਨਿਕੁਪੁਲਿਸ, ਮਿਲੇਤੁਸ, ਤ੍ਰੋਆਸ ਅਤੇ ਕੁਰਿੰਥੁਸ (1:3; 2 ਤਿਮੋਥਿਉਸ 4:13, 20; ਤੀਤੁਸ 1:5; 3:12)। ਸ਼ਾਇਦ ਇਸ ਸਮੇਂ ਦੌਰਾਨ ਪੌਲੁਸ ਸਪੇਨ ਨੂੰ ਵੀ ਗਿਆ ਹੋਵੇਗਾ (ਵੇਖੋ ਰੋਮੀਆਂ 15:24, 28)।

62 ਈਸਵੀ ਦੇ ਅੰਤ ਵਿਚ ਜਾਂ 63 ਈਸਵੀ ਦੇ ਸ਼ੁਰੂ ਵਿਚ ਲੂਕਾ ਦੇ ਰਸੂਲਾਂ ਦੇ ਕਰਤੱਬ ਪੁਸਤਕ ਲਿਖਣ ਤੋਂ ਥੋੜ੍ਹੀ ਦੇਰ ਬਾਅਦ ਸ਼ਾਇਦ ਪੌਲੁਸ ਰਿਹਾ ਹੋ ਗਿਆ ਸੀ।[21] ਫਿਰ, ਕਲੀਸੀਆਈ ਇਤਹਾਸਕਾਰ ਯੁਸੀਬਿਉਸ ਦੇ ਅਨੁਸਾਰ, ਉਸ ਨੂੰ 67 ਈਸਵੀ ਦੇ ਲਗਭਗ ਫਾਂਸੀ ਦੇ ਦਿੱਤੀ ਗਈ ਸੀ।[22] ਇਹ ਤਿਮੋਥਿਉਸ ਅਤੇ ਤੀਤੁਸ ਨੂੰ ਲਿਖੇ ਪੌਲੁਸ ਦੇ ਪੱਤਰਾਂ ਦੀ ਲਿਖਤ ਨੂੰ ਉਨ੍ਹਾਂ ਮਿਤੀਆਂ ਦੇ ਵਿਚਕਾਰ ਰੱਖੇਗਾ। 1 ਤਿਮੋਥਿਉਸ ਅਤੇ ਤੀਤੁਸ ਦੀ ਮਿਤੀ ਦਾ ਇਕ ਅੰਦਾਜ਼ਾ 63 ਜਾਂ 64 ਈਸਵੀ ਹੈ, ਕਿਉਂਕਿ 2 ਤਿਮੋਥਿਉਸ ਦੀ ਪੱਤ੍ਰੀ 67 ਈਸਵੀ ਵਿਚ ਰਸੂਲ ਦੀ ਮੌਤ ਤੋਂ ਥੋੜ੍ਹਾ ਚਿਰ ਪਹਿਲਾਂ ਲਿਖੀ ਗਈ ਸੀ।

ਤੁਰੰਤ ਹੱਲ ਪੇਸ਼ ਕਰਨਾ ਪੌਲੁਸ ਦੇ ਸਾਰੇ ਪੱਤਰਾਂ ਦੀ ਇਕ ਵਿਸ਼ੇਸ਼ਤਾ ਹੈ। ਉਹ ਇਕ ਸੰਚਾਲਿਤ ਮਨੁੱਖ ਸੀ ਧੰਨਵਾਦ ਦੇ ਡੂੰਘੇ ਭਾਵ ਦੇ ਦੁਆਰਾ ਚੱਲਣ ਵਾਲਾ, ਉਸ ਦੇ ਲਈ ਜਿਸ ਨੇ ਉਸ ਨੂੰ ਪ੍ਰੇਮ ਕੀਤਾ ਅਤੇ ਉਸ ਨੂੰ ਬਚਾਇਆ ਸੀ (1:12-17), ਨਾਲੇ ਉਨ੍ਹਾਂ ਦੀ ਉਸ ਨੂੰ ਵੱਡੀ ਚਿੰਤਾ ਸੀ ਜਿਹੜੇ ਗੁਆਚੇ ਹੋਏ ਸਨ ਜਿਵੇਂ ਇਕ ਸਮੇਂ ਉਹ ਵੀ ਗੁਆਚਾ ਹੋਇਆ ਸੀ (ਰੋਮੀਆਂ 9:1-3)। ਪੌਲੁਸ ਦੇ ਆਖ਼ਰੀ ਪੱਤਰਾਂ ਵਿਚ, ਅਤਿ-ਅਵਸ਼ੱਕਤਾ ਵਧਾ ਦਿੱਤੀ ਗਈ ਹੈ। ਉਹ ਉਸ ਦੀ ਨੈਤਿਕਤਾ ਤੋਂ ਜਾਣੂ ਸੀ। ਰੋਮ ਵਿਚ ਉਸ ਦੀ ਪਹਿਲੀ ਕੈਦ ਤੋਂ ਰਿਹਾਅ ਹੋਣ ਤੋਂ ਥੋੜ੍ਹਾ ਚਿਰ ਪਹਿਲਾਂ, ਉਸ ਨੇ ਆਪਣੇ ਆਪ ਨੂੰ "ਪੌਲੁਸ ਬੁੱਢਾ" ਕਰਕੇ ਪਛਾਣਿਆ ਸੀ (ਫਿਲੇਮੋਨ 9)।[23] ਉਸ ਦੀ "ਸਾਰੀਆਂ ਕਲੀਸਿਯਾਂ ਦੀ ਚਿੰਤਾ" (2 ਕੁਰਿੰਥੀਆਂ 11:28) ਬੇਸ਼ੱਕ ਹੋਰ ਜ਼ਿਆਦਾ ਗਹਿਰੀ ਹੋ ਗਈ ਸੀ। ਉਸ ਦੇ ਅਤੇ ਹੋਰ ਰਸੂਲਾਂ ਦੀ ਮੌਤ ਤੋਂ ਬਾਅਦ ਕਲੀਸੀਆ ਦਾ ਕੀ ਬਣੇਗਾ? ਜਦੋਂ ਉਸ ਨੇ ਤਿਮੋਥਿਉਸ ਅਤੇ ਤੀਤੁਸ ਨੂੰ ਲਿਖਿਆ, ਉਹ ਸਿਰਫ ਮੌਜੂਦਾ ਆਤਮਿਕ ਚੁਣੌਤੀਆਂ ਨੂੰ ਸੰਬੋਧਿਤ ਨਹੀਂ ਸੀ ਕਰ ਰਿਹਾ, ਬਲਕਿ ਉਹ ਉਸ ਦੀ ਮੌਤ ਤੋਂ ਬਾਅਦ ਸੇਵਾ ਨੂੰ ਜਾਰੀ ਰੱਖਣ ਦੇ ਲਈ ਪਰਚਾਰਕਾਂ ਨੂੰ ਵੀ ਤਿਆਰ ਕਰ ਰਿਹਾ ਸੀ।

## ਉਦੇਸ਼

ਰੋਮੀਆਂ 15:20 ਦੇ ਅਨੁਸਾਰ, ਪੌਲੁਸ ਨੂੰ "ਕਿਸੇ ਹੋਰ ਦੀ ਨੀਂਹ ਉੱਤੇ ਉਸਾਰੀ ਕਰਨਾ" ਪਸੰਦ ਨਹੀਂ ਸੀ। ਉਹ ਕਲੀਸੀਆ ਦੀ ਉਸਾਰੀ ਕਰਨ ਵਾਲੇ ਤੋਂ ਵੱਧ ਕੇ ਕਲੀਸੀਆ ਨੂੰ ਸ਼ੁਰੂ ਕਰਨ ਵਾਲਾ ਸੀ। ਪਰ, ਇਸ ਦਾ ਅਰਥ ਇਹ ਨਹੀਂ ਸੀ ਕਿ ਉਸ ਨੇ ਕਲੀਸੀਆਵਾਂ ਨੂੰ ਸਥਾਪਤ ਕੀਤਾ ਅਤੇ

ਫਿਰ ਉਨ੍ਹਾਂ ਦੀ ਬਿਨਾਂ ਕੋਈ ਚਿੰਤਾ ਕੀਤੇ ਉਨ੍ਹਾਂ ਨੂੰ ਅਨੁਭਵਹੀਣ ਸਮੂਹਾਂ ਦੇ ਹੱਥ ਸੌਂਪ ਕੇ ਚਲਾ ਗਿਆ (ਵੇਖੋ 2 ਕੁਰਿੰਥੀਆਂ 11:28)। ਉਹ ਲਗਾਤਾਰ ਉਨ੍ਹਾਂ ਦੇ ਲਈ ਪ੍ਰਾਰਥਨਾ ਕਰਦਾ ਰਿਹਾ (ਫ਼ਿਲਿੱਪੀਆਂ 1:3, 4; 1 ਥੱਸਲੁਨੀਕੀਆਂ 1:2)। ਉਸ ਨੇ ਉਨ੍ਹਾਂ ਨੂੰ ਪੱਤਰ ਲਿਖੇ (ਜਿਵੇਂ ਕਿ 1 ਅਤੇ 2 ਕੁਰਿੰਥੀਆਂ, ਗਲਾਤੀਆਂ ਅਤੇ ਅਫ਼ਸੀਆਂ)। ਉਹ ਉਨ੍ਹਾਂ ਨੂੰ ਮਿਲਣ ਦੇ ਲਈ ਗਿਆ (ਰਸੂਲਾਂ ਦੇ ਕਰਤੱਬ 14:21-23; 15:36, 41)। ਉਸ ਨੇ ਉਨ੍ਹਾਂ ਕੋਲ ਆਪਣੇ ਨੁਮਾਇੰਦੇ ਘੱਲੇ ਜਿਵੇਂ ਕਿ ਤਿਮੋਥਿਉਸ ਅਤੇ ਤੀਤੁਸ (ਫ਼ਿਲਿੱਪੀਆਂ 2:19; 2 ਕੁਰਿੰਥੀਆਂ 12:18)।

ਇਹ ਨਿਸ਼ਚਤ ਕਰਨਾ ਕਿ ਕਲੀਸੀਆ ਜਾਂ ਮੰਡਲੀ ਮਜ਼ਬੂਤ ਅਤੇ ਤੰਦਰੁਸਤ ਰਹੇ ਇਕ ਅਜਿਹਾ ਕੰਮ ਹੈ ਜੋ ਕਦੇ ਪੂਰਾ ਨਹੀਂ ਹੁੰਦਾ। ਕੋਈ ਵਿਅਕਤੀ ਇਕ ਕਲੀਸੀਆ ਸਥਾਪਤ ਕਰ ਸਕਦਾ ਹੈ, ਇਸ ਦੇ ਨਾਲ ਤਦ ਤੱਕ ਰਹਿ ਸਕਦਾ ਹੈ ਜਦੋਂ ਤੱਕ ਇਸ ਦੇ ਵਿਚ ਐਲਡਰ (ਬਜ਼ੁਰਗ) ਅਤੇ ਉਪਦੇਸ਼ਕ ਨਹੀਂ ਹੁੰਦੇ ਅਤੇ ਫਿਰ ਕਲਪਨਾ ਕਰ ਸਕਦਾ ਹੈ ਕਿ ਇਹ ਕਲੀਸੀਆ ਮਜ਼ਬੂਤ ਅਤੇ ਵਫ਼ਾਦਾਰ ਰਹੇਗੀ। ਅਫ਼ਸੁਸ ਦੀ ਕਲੀਸੀਆ ਇਕ ਅਜਿਹਾ ਹੀ ਮਾਮਲਾ ਹੈ ਜੋ ਇਸ ਗੱਲ ਦੀ ਮਿਸਾਲ ਦਿੰਦੀ ਹੈ। ਪੌਲੁਸ ਨੇ ਉੱਥੇ ਲਗਭਗ ਤਿੰਨ ਸਾਲ ਮਿਹਨਤ ਕੀਤੀ (ਰਸੂਲਾਂ ਦੇ ਕਰਤੱਬ 20:31)। ਬਾਅਦ ਵਿਚ ਉਸ ਨੇ ਇਹ ਖਾਸ ਜ਼ਿੰਮੇਵਾਰੀ ਐਲਡਰਾਂ (ਬਜ਼ੁਰਗਾਂ) ਨੂੰ ਸੌਂਪ ਦਿੱਤੀ (ਰਸੂਲਾਂ ਦੇ ਕਰਤੱਬ 20:17-35)। ਜਦੋਂ ਰੋਮ ਵਿਚ ਪੌਲੁਸ ਜੇਲ ਵਿਚ ਸੀ, ਉਸ ਨੇ ਉਨ੍ਹਾਂ (ਅਫ਼ਸੀਆਂ) ਨੂੰ ਇਕ ਪੱਤਰ ਲਿਖਿਆ। ਇਸ ਪੂਰੀ ਕੋਸ਼ਿਸ਼ ਦਾ ਅਰਥ ਇਹ ਨਹੀਂ ਸੀ ਕਿ ਕੰਮ ਪੂਰਾ ਹੋ ਗਿਆ ਸੀ। ਜਦੋਂ ਪੌਲੁਸ ਜੇਲ ਵਿੱਚੋਂ ਰਿਹਾਅ ਹੋਇਆ, ਅਫ਼ਸੁਸ ਵੀ ਉਨ੍ਹਾਂ ਥਾਵਾਂ ਵਿੱਚੋਂ ਇਕ ਸੀ ਜਿੱਥੇ-ਜਿੱਥੇ ਪੌਲੁਸ ਗਿਆ। ਫਿਰ, ਜਦੋਂ ਉਸ ਨੂੰ ਲੱਗਾ ਕਿ ਉਸ ਨੂੰ ਮਕਦੂਨਿਯਾ ਜਾਣ ਦੀ ਲੋੜ ਸੀ, ਉਸ ਨੇ ਤਿਮੋਥਿਉਸ ਨੂੰ ਉੱਥੇ ਰਹਿਣ ਅਤੇ ਸੇਵਾ ਦੇ ਕੰਮ ਨੂੰ ਜਾਰੀ ਰੱਖਣ ਦਾ ਹੁਕਮ ਦਿੱਤਾ (1:3)।

### ਤਿਮੋਥਿਉਸ ਅਤੇ ਤੀਤੁਸ ਨੂੰ ਪਾਸਬਾਨਾਂ ਦੇ ਤੌਰ ਤੇ ਸਿੱਖਿਆ ਦੇਣਾ?

ਇਕ ਗੱਲ ਜਿਸ ਨੂੰ ਸਾਨੂੰ ਸੰਬੋਧਿਤ ਕਰਨ ਦੀ ਲੋੜ ਹੈ ਉਹ ਇਕ ਅਜਿਹਾ ਸ਼ਬਦ ਜਿਸ ਨੂੰ 1 ਅਤੇ 2 ਤਿਮੋਥਿਉਸ ਅਤੇ ਤੀਤੁਸ ਦੀ ਪਛਾਣ ਕਦੇ ਦੇ ਲਈ ਅਕਸਰ ਵਰਤਿਆ ਜਾਂਦਾ ਹੈ ਅਤੇ ਉਹ ਹੈ: "ਪਾਸਬਾਨਾਂ ਦੀਆਂ ਪੱਤ੍ਰੀਆਂ।" ਇਹ ਸ਼ਬਦਾਵਲੀ, ਇਕ ਸਮੂਹ ਦੇ ਰੂਪ ਵਿਚ ਤਿੰਨ ਪੱਤਰਾਂ ਦੇ ਸੰਬੰਧ ਵਿਚ ਵਰਤੀ ਗਈ ਸੀ, ਜਿਸ ਦੀ ਸ਼ੁਰੂਆਤ ਅਠਾਰਵੀਂ ਸਦੀ ਵਿਚ ਹੋਈ ਸੀ। 1703 ਵਿਚ, ਡੀ. ਐਨ. ਬਰਡੌਟ ਨੇ ਇਸ ਨਾਂ ਦੀ ਵਰਤੋਂ ਕੀਤੀ ਸੀ, ਜਿਹੜਾ ਕਿ ਫਿਰ 1726 ਵਿਚ ਪੌਲ ਐਨਟਨ ਦੁਆਰਾ ਲੈਕਚਰਾਂ ਦੀ ਇਕ ਲੜੀ ਵਿਚ ਪ੍ਰਸਿੱਧ ਕੀਤਾ ਗਿਆ।[24] ਇਨ੍ਹਾਂ ਅਤੇ ਇਨ੍ਹਾਂ ਤੋਂ ਅੱਗੇ ਆਉਣ ਵਾਲੇ ਲੇਖਕਾਂ ਨੇ ਇਸ ਸ਼ਬਦਾਵਲੀ ਦੀ ਇਸ ਲਈ ਵਰਤੋਂ ਕੀਤੀ ਕਿਉਂਕਿ ਉਹ ਤਿਮੋਥਿਉਸ ਅਤੇ ਤੀਤੁਸ ਨੂੰ ਮੰਡਲੀਆਂ ਜਾਂ ਕਲੀਸੀਆਵਾਂ ਦੇ "ਪਾਸਬਾਨ" (ਚਰਵਾਹੇ) ਸਮਝਦੇ ਸਨ।

ਪਰ, ਤਿਮੋਥਿਉਸ ਅਤੇ ਤੀਤੁਸ ਸਥਾਨਕ ਮੰਡਲੀਆਂ ਦੇ "ਪਾਸਬਾਨ" ਨਹੀਂ ਸਨ। "ਪਾਸਬਾਨ" "ਚਰਵਾਹੇ"[25] ਦੇ ਲਈ ਵਰਤਿਆ ਜਾਣ ਵਾਲਾ ਇਕ ਲਾਤੀਨੀ ਸ਼ਬਦ ਹੈ। ਅਨੁਵਾਦ ਕੀਤੇ ਗਏ ਯੂਨਾਨੀ ਸ਼ਬਦ "ਪਾਸਬਾਨ"/"ਚਰਵਾਹਾ" ਦਾ ਕਿਰਿਆ ਰੂਪ ਨਵੇਂ ਨੇਮ ਵਿਚ ਬਜ਼ੁਰਗਾਂ/ਐਲਡਰਾਂ/ਨਿਗਾਹਬਾਨਾਂ ਦੇ ਕੰਮ ਦੇ ਲਈ ਵਰਤਿਆ ਗਿਆ ਹੈ (ਰਸੂਲਾਂ ਦੇ ਕਰਤੱਬ 20:17, 28; 1 ਪਤਰਸ 5:1, 2)। "ਪਾਸਬਾਨ" ਬਜ਼ੁਰਗਾਂ/ਐਲਡਰਾਂ/ਨਿਗਾਹਬਾਨਾਂ ਦੇ ਨਾਵਾਂ ਵਿੱਚੋਂ ਇਕ ਨਾਮ ਹੈ; ਇਹ ਇਕ ਪਰਚਾਰਕ ਜਾਂ ਖੁਸ਼ਖ਼ਬਰੀ ਪਰਚਾਰਕ ਦੇ ਲਈ ਵਚਨ ਦਾ ਨਾਮ ਨਹੀਂ ਹੈ।

ਕੋਈ ਇਹ ਇਤਰਾਜ਼ ਕਰ ਸਕਦਾ ਹੈ ਕਿ ਤਿਮੋਥਿਉਸ ਨੂੰ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਚਰਵਾਹੇ ਨੂੰ ਦਿੱਤੀਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਸਨ ਜਿਨ੍ਹਾਂ ਵਿਚ ਅਫ਼ਸੁਸ ਵਿਚ ਜੋ "ਝੁੰਡ" ਸੀ ਉਸ ਦਾ "ਪਾਲਣ ਪੋਸ਼ਣ ਕਰਨਾ" ਰੱਖਿਆ ਕਰਨਾ ਅਤੇ ਆਮ ਤੌਰ ਤੇ ਦੇਖਭਾਲ ਕਰਨਾ ਸ਼ਾਮਲ ਸੀ। ਇਹ ਸੱਚ ਹੈ, ਪਰ ਇਹ ਵੀ ਸੱਚ ਹੈ ਕਿ *ਸਾਰੇ* ਮਸੀਹੀ ਲੋਕਾਂ ਨੂੰ ਉਨ੍ਹਾਂ ਦੇ ਸਾਥੀ ਮਸੀਹੀ ਲੋਕਾਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਤਕੜਿਆਂ ਕਰਨ ਲਈ ਉਹੋ ਜਿਹੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਜੋ ਇਕ ਚਰਵਾਹੇ ਦੀਆਂ ਹੁੰਦੀਆਂ ਹਨ[26]; ਇਹ ਉਨ੍ਹਾਂ ਨੂੰ ਸਥਾਨਕ ਮੰਡਲੀ ਦੇ "ਚਰਵਾਹੇ/ਪਾਸਬਾਨ" ਨਹੀਂ ਬਣਾਉਂਦਾ। ਉਸੇ ਤਰ੍ਹਾਂ ਹੀ, ਤਿਮੋਥਿਉਸ ਦਾ ਉਨ੍ਹਾਂ ਕੰਮਾਂ ਵਿਚ ਸ਼ਾਮਲ ਹੋਣਾ ਜੋ ਇਕ ਚਰਵਾਹਾ ਕਰਦਾ ਹੈ ਉਸ ਨੂੰ ਇਕ ਪਾਸਬਾਨ ਨਹੀਂ ਬਣਾਉਂਦਾ। *ਉਹ ਖ਼ੁਸ਼ਖ਼ਬਰੀ ਦੇ ਪਰਚਾਰਕ ਸੀ ਅਤੇ ਖ਼ੁਸ਼ਖ਼ਬਰੀ ਪਰਚਾਰਕ ਦਾ ਮੁਢਲਾ ਕੰਮ "ਬਚਨ ਦਾ ਪਰਚਾਰ ਕਰਨਾ" ਹੈ* (2 ਤਿਮੋਥਿਉਸ 4:2, 5)।

ਕੁਝ ਲੋਕ ਸਮਝਦੇ ਹਨ ਕਿ ਤਿਮੋਥਿਉਸ ਅਤੇ ਤੀਤੁਸ ਪਾਸਬਾਨ ਨਹੀਂ ਸਨ ਪਰ ਫਿਰ ਵੀ ਮੰਨਦੇ ਹਨ ਕਿ ਪੱਤਰਾਂ ਵਿਚ ਪਾਸਬਾਨਾਂ (ਬਜ਼ੁਰਗਾਂ/ਐਲਡਰਾਂ/ਨਿਗਾਹਬਾਨਾਂ) ਲਈ ਪਾਈਆਂ ਜਾਣ ਵਾਲੀਆਂ ਯੋਗਤਾਵਾਂ ਦੇ ਕਾਰਣ "ਪਾਸਬਾਨਾਂ ਦੀਆਂ ਪੱਤ੍ਰੀਆਂ" ਨਾਂ ਬਿਲਕੁਲ ਉਚਿਤ ਹੈ (3:1-7; ਤੀਤੁਸ 1:5-9)। ਨਾਲੇ ਤਿਮੋਥਿਉਸ ਨੂੰ ਲਿਖੇ ਪੌਲੁਸ ਦੇ ਪਹਿਲੇ ਪੱਤਰ ਵਿਚ ਕਲੀਸੀਆ ਦੇ ਆਗੂਆਂ ਸੰਬੰਧੀ ਹੋਰ ਹਦਾਇਤਾਂ ਵੀ ਸ਼ਾਮਲ ਹਨ (5:17-25)। ਪਰ, ਪਾਸਬਾਨਾਂ/ਬਜ਼ੁਰਗਾਂ/ਐਲਡਰਾਂ/ਨਿਗਾਹਬਾਨਾਂ ਨਾਲ ਸੰਬੰਧਤ ਆਇਤਾਂ ਪੂਰੀ ਪੱਤ੍ਰੀ ਵਿਚ 10 ਪ੍ਰਤੀਸ਼ਤ ਦੇ ਲਗਭਗ ਹਨ।[27] ਇਸ ਲਈ, ਇਹ ਕਾਰਣ ਇਨ੍ਹਾਂ ਪੱਤ੍ਰੀਆਂ ਨੂੰ "ਪਾਸਬਾਨਾਂ ਦੀਆਂ ਪੱਤ੍ਰੀਆਂ" ਨਾਂ ਦੇਣ ਲਈ ਕਾਫੀ ਪ੍ਰਤੀਤ ਨਹੀਂ ਹੁੰਦਾ।

ਫਿਰ ਵੀ ਕੁਝ ਹੋਰ ਲੋਕ ਇਹ ਸਮਝਦੇ ਹਨ ਕਿ ਤਿਮੋਥਿਉਸ ਅਤੇ ਤੀਤੁਸ ਪਾਸਬਾਨ ਨਹੀਂ ਸਨ, ਪਰ, ਕਿਉਂਕਿ ਪੱਤ੍ਰੀਆਂ ਦੇ ਲਈ "ਪਾਸਬਾਨਾਂ ਦੀਆਂ ਪੱਤ੍ਰੀਆਂ" ਨਾਂ ਆਮ ਤੌਂ ਸਵੀਕਾਰ ਕੀਤਾ ਜਾਂਦਾ ਹੈ, ਇਸ ਲਈ ਉਹ ਸੁਵਿਧਾ ਦੇ ਲਈ ਇਸ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਜੇਕਰ ਤਿੰਨਾਂ ਨੂੰ ਪਛਾਣਨ ਦੇ ਲਈ ਕਿਸੇ ਸ਼ਬਦ ਦੀ ਲੋੜ ਹੈ, ਤਾਂ ਉਨ੍ਹਾਂ ਤਿੰਨਾ ਪੱਤ੍ਰੀਆਂ ਨੂੰ "ਖ਼ੁਸ਼ਖ਼ਬਰੀ ਪਰਚਾਰਕਾਂ ਦੀਆਂ ਪੱਤ੍ਰੀਆਂ" ਵਜੋਂ ਸਮਝਣਾ ਬਿਹਤਰ ਹੋ ਸਕਦਾ ਹੈ। ਸ਼ਾਇਦ ਉਨ੍ਹਾਂ ਨੂੰ "ਤਿਮੋਥਿਉਸ ਅਤੇ ਤੀਤੁਸ ਨੂੰ ਪੌਲੁਸ ਦੀਆਂ ਪੱਤ੍ਰੀਆਂ" ਵਜੋਂ ਪਛਾਣਨਾ ਉੱਤਮ ਹੈ।

## ਤਿਮੋਥਿਉਸ ਅਤੇ ਤੀਤੁਸ ਨੂੰ ਵਿਖਾਉਣਾ ਕਿ ਉਨ੍ਹਾਂ ਨੇ ਕਲੀਸੀਆ ਵਿਚ ਕਿਸ ਪਰਕਾਰ ਵਰਤਣਾ ਹੈ?

ਜੇਕਰ ਪੌਲੁਸ ਨੇ ਜਵਾਨ ਪਰਚਾਰਕਾਂ ਨੂੰ "ਪਾਸਬਾਨ ਦੇ ਵਿਖੇ" ਹਦਾਇਤਾਂ ਦੇਣ ਲਈ ਇਹ ਪੱਤਰ ਲਿਖੇ ਸਨ, ਤਾਂ ਉਸ ਨੇ ਉਨ੍ਹਾਂ ਨੂੰ ਹੀ ਕਿਉਂ ਲਿਖੇ? ਹੁਣ ਵਾਸਤੇ, ਅਸੀਂ ਆਪਣੀ ਚਰਚਾ ਨੂੰ ਇੱਥੋਂ ਤੱਕ ਹੀ ਸੀਮਤ ਰੱਖਾਂਗੇ ਕਿ ਉਸ ਨੇ ਉਹ ਪੱਤਰ ਕਿਉਂ ਲਿਖਿਆ ਜਿਸ ਨੂੰ ਅਸੀਂ "1 ਤਿਮੋਥਿਉਸ" ਕਹਿੰਦੇ ਹਾਂ। ਪੌਲੁਸ ਉਸ ਪੱਤਰ ਦੇ ਅੱਧ ਵਿਚ ਜਾ ਕੇ ਇਸ ਦਾ ਉਦੇਸ਼ ਪਰਗਟ ਕਰਦਾ ਹੈ।

> ਭਾਵੇਂ ਮੈਨੂੰ ਤੇਰੇ ਕੋਲ ਛੇਤੀ ਆਉਣ ਦੀ ਆਸ ਹੈ ਮੈਂ ਤੈਨੂੰ ਏਹ ਗੱਲਾਂ ਲਿਖਦਾ ਹਾਂ ਭਈ ਜੇ ਮੈਨੂੰ ਕੁਝ ਚਿਰ ਲੱਗ ਜਾਵੇ ਤਾਂ ਤੂੰ ਜਾਣ ਲਵੇਂ ਜੋ *ਪਰਮੇਸ਼ੁਰ ਦੇ ਘਰ ਵਿੱਚ ਜਿਹੜਾ ਅਕਾਲ ਪੁਰਖ ਦੀ ਕਲੀਸੀਆ ਅਤੇ ਸਚਿਆਈ ਦਾ ਥੰਮ੍ਹ ਅਤੇ ਨੀਂਹ ਹੈ* ਕਿਸ ਪਰਕਾਰ ਵਰਤਣਾ ਚਾਹੀਦਾ ਹੈ (3:14, 15; ਜ਼ੋਰ ਦਿੱਤਾ ਗਿਆ ਹੈ)।

ਪੱਤਰ ਵਿਚ ਕਈ ਮਹਾਨ ਧਰਮ-ਗਿਆਨ ਦੇ ਹਵਾਲੇ ਮਿਲਦੇ ਹਨ (ਵੇਖੋ 3:16), ਪਰ 1 ਤਿਮੋਥਿਉਸ ਮੁਖ ਰੂਪ ਵਿਚ ਇਕ ਧਰਮ-ਗਿਆਨ ਦੀ ਪੁਸਤਕ ਨਹੀਂ ਹੈ। ਬਲਕਿ, ਇਹ ਇਕ ਵਿਹਾਰਕ ਪੁਸਤਕ ਹੈ ਜੋ ਇਹ ਵਰਣਨ ਕਰਦੀ ਹੈ ਕਿ ਅਸੀਂ ਕਲੀਸੀਆ ਵਿਚ ਕਿਸ ਪਰਕਾਰ ਵਰਤਣਾ ਹੈ। ਕੁਝ ਲੋਕ ਇਸੇ ਕਾਰਣ ਪੱਤਰ ਦੀ ਪਰਵਾਹ ਨਹੀਂ ਕਰਦੇ। ਉਹ ਬੜੇ ਹੀ ਧਿਆਨ ਨਾਲ ਸਿੱਖਿਆਤਮਕ ਦਲੀਲਾਂ ਤੇ ਤਰਕ ਕਰਦੇ ਹਨ ਜਿਵੇਂ ਕਿ ਰੋਮੀਆਂ ਜਾਂ ਅਫ਼ਸੀਆਂ ਵਿਚ ਕੀਤਾ ਗਿਆ ਸੀ। ਅਸੀਂ ਪੌਲੁਸ ਦੀਆਂ ਕਈ ਪੱਤ੍ਰੀਆਂ ਵਿਚ ਧਰਮ-ਗਿਆਨੀ ਵਿਸ਼ਿਆਂ ਤੇ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਪ੍ਰਾਪਤ ਕੀਤੀ ਪੌਲੁਸ ਦੀ ਸੋਚ ਦੇ ਲਈ ਧੰਨਵਾਦੀ ਹਾਂ – ਪਰ ਸਾਨੂੰ ਵਿਹਾਰਕ ਨਿਰਦੇਸ਼ ਦੀ ਵੀ ਲੋੜ ਹੈ। ਕਲੀਸੀਆ ਦੇ ਕੰਮ ਕਾਜ ਨੂੰ ਕਿਵੇਂ ਚਲਾਉਣਾ ਹੈ, ਉਸ ਦੇ ਲਈ ਸਾਨੂੰ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਪ੍ਰਾਪਤ ਕੀਤੇ ਦਿਸ਼ਾ-ਨਿਰਦੇਸ਼ ਦੀ ਲੋੜ ਹੈ ਜੋ ਸਾਡੇ ਰੋਜ਼ਾਨਾ ਦੇ ਜੀਵਨਾਂ ਵਿਚ ਲਾਗੂ ਹੁੰਦਾ ਹੈ।

## ਵਿਸ਼ਾ-ਵਸਤੂ ਦਾ ਵਿਸ਼ਲੇਸ਼ਣ

ਇਕ ਵਿਅਕਤੀ ਨੇ ਕਲੀਸੀਆ ਵਿਚ ਕਿਵੇਂ ਵਰਤਣਾ ਹੈ ਇਸ ਦੇ ਸੰਬੰਧ ਵਿਚ ਪੌਲੁਸ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਨੂੰ ਜੋ ਕਿ 1 ਤਿਮੋਥਿਉਸ 4:16 ਵਿੱਚੋਂ ਲਈਆਂ ਗਈਆਂ ਹਨ ਦੋ ਸ਼ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ: "ਆਪਣੇ ਆਪ ਦੀ ਅਤੇ ਆਪਣੀ ਸਿੱਖਿਆ ਦੀ ਰਾਖੀ ਕਰ। ਇਨ੍ਹਾਂ ਗੱਲਾਂ ਉੱਤੇ ਪੱਕਿਆਂ ਰਹੁ ਕਿਉਂ ਜੋ ਤੂੰ ਇਹ ਕਰ ਕੇ ਨਾਲੇ *ਆਪਣੇ ਆਪ ਨੂੰ* ਨਾਲੇ ਆਪਣੇ *ਸੁਣਨ ਵਾਲਿਆਂ ਨੂੰ* ਬਚਾਵੇਂਗਾ" (ਜ਼ੋਰ ਦਿੱਤਾ ਗਿਆ ਹੈ)। ਇਹ ਸ਼ਰੇਣੀਆਂ "ਆਪਣੇ ਆਪ" (ਤਿਮੋਥਿਉਸ) ਅਤੇ "ਆਪਣੇ ਸੁਣਨ ਵਾਲਿਆਂ" (ਅਫ਼ਸੁਸ ਵਿਚ ਕਲੀਸੀਆ ਦੇ ਮੈਂਬਰ) ਸ਼ਬਦਾਂ ਵਿੱਚ ਦੱਸੀਆਂ ਗਈਆਂ ਹਨ। ਪੌਲੁਸ ਦੁਆਰਾ ਤਿਮੋਥਿਉਸ ਨੂੰ ਦਿੱਤੀਆਂ ਗਈਆਂ ਹਦਾਇਤਾਂ ਨੂੰ "ਨਿੱਜੀ" (ਉਸ ਦੇ ਸਹਿਕਰਮੀਆਂ ਨੂੰ ਨਿੱਜੀ ਹਦਾਇਤਾਂ) ਅਤੇ "ਵਿਹਾਰਕ" (ਸਮੁੱਚੀ ਮੰਡਲੀ ਦੇ ਸੰਬੰਧ ਵਿਚ ਵਿਹਾਰਕ ਗੱਲਾਂ) ਵਿਚ ਵੰਡਿਆ ਜਾ ਸਕਦਾ ਹੈ।

ਇਕ ਨਿੱਜੀ ਹਦਾਇਤ 1 ਤਿਮੋਥਿਉਸ 4:12 ਵਿਚ ਮਿਲਦੀ ਹੈ: "ਕੋਈ ਤੇਰੀ ਜੁਆਨੀ ਨੂੰ ਤੁੱਛ ਨਾ ਜਾਣੇ ਸਗੋਂ ਤੂੰ ਨਿਹਚਾਵਾਨਾਂ ਲਈ ਬਚਨ ਵਿੱਚ, ਚਾਲ ਚਲਣ ਵਿੱਚ, ਪ੍ਰੇਮ ਵਿੱਚ, ਨਿਹਚਾ ਵਿੱਚ, ਪਵਿੱਤਰਤਾਈ ਵਿੱਚ, ਨਮੂਨਾ ਬਣੀਂ।" ਵਿਹਾਰਕ ਗੱਲਾਂ ਜੋ ਸਾਰੀ ਕਲੀਸੀਆ ਨੂੰ ਪ੍ਰਭਾਵਿਤ ਕਰਦੀਆਂ ਹਨ ਉਸ ਦਾ ਉਦਾਹਰਣ 1 ਤਿਮੋਥਿਉਸ 5:16 ਵਿਚ ਮਿਲਦਾ ਹੈ: "ਜੇ ਕਿਸੇ ਨਿਹਚਾਵਾਨ ਇਸਤ੍ਰੀ ਦੇ ਘਰ ਵਿਧਵਾਂ ਹੋਣ ਤਾਂ ਉਹੋ ਉਨ੍ਹਾਂ ਦੀ ਸਹਾਇਤਾ ਕਰੇ ਤਾਂ ਜੋ ਕਲੀਸੀਆ ਉੱਤੇ ਭਾਰ ਨਾ ਪਵੇ ਭਈ ਏਹ ਉਨ੍ਹਾਂ ਦੀ ਸਹਾਇਤਾ ਕਰੇ ਜਿਹੜੀਆਂ ਸੱਚ ਮੁੱਚ ਵਿਧਵਾਂ ਹਨ।"

ਇਕ ਅਰਥ ਵਿਚ, 1 ਤਿਮੋਥਿਉਸ ਦੀ ਪੂਰੀ ਪੱਤ੍ਰੀ ਨਿੱਜੀ ਹੈ ਕਿਉਂਕਿ ਇਹ ਪੂਰੀ ਪੱਤ੍ਰੀ ਉਸ ਦੇ ਸੰਬੰਧ ਵਿਚ ਤਿਮੋਥਿਉਸ ਨੂੰ ਸੰਬੋਧਿਤ ਕੀਤੀ ਗਈ ਹੈ ਜੋ ਉਸ ਨੂੰ ਕਰਨ ਦੀ ਲੋੜ ਸੀ। ਇਸ ਤੋਂ ਇਲਾਵਾ, ਤਿਮੋਥਿਉਸ ਨੂੰ ਦਿੱਤੀਆਂ ਗਈਆਂ ਨਿੱਜੀ ਨਸੀਹਤਾਂ ਅਤੇ ਉਹ ਹਦਾਇਤਾਂ ਜੋ ਪੂਰੀ ਮੰਡਲੀ ਨੂੰ ਪ੍ਰਭਾਵਿਤ ਕਰਦੀਆਂ ਹਨ ਵਿਚਕਾਰ ਸਮਾਨਤਾ ਹੈ। ਉਦਾਹਰਣ ਦੇ ਲਈ, ਬਜ਼ੁਰਗਾਂ ਸੰਬੰਧੀ ਇਕ ਹਵਾਲਾ (5:17-25) ਇਕ ਨਿੱਜੀ ਟਿੱਪਣੀ ਨੂੰ ਸ਼ਾਮਲ ਕਰਦਾ ਹੈ (5:23)। ਫੇਰ, ਪੈਸੇ ਅਤੇ ਧਨ ਤੇ ਸਿੱਖਿਆ (6:6-10, 17-19) ਨੂੰ ਨਿੱਜੀ ਭਾਗ ਦੁਆਰਾ ਰੋਕ ਦਿੱਤਾ ਗਿਆ ਹੈ (6:11-16)। ਫਿਰ ਵੀ, ਵਿਸ਼ਾ-ਵਸਤੂ ਨੂੰ "ਨਿੱਜੀ" ਅਤੇ "ਵਿਹਾਰਕ" ਸਮਝਣਾ ਸਾਡੇ ਅਧਿਐਨ ਲਈ ਮਹੱਤਵਪੂਰਣ ਹੋ ਸਕਦਾ ਹੈ।

# ਰੂਪਰੇਖਾ

1 ਤਿਮੋਥਿਉਸ ਦੇ ਪੂਰੇ ਪੱਤਰ ਤੇ ਝਾਤੀ ਮਾਰਨ ਤੋਂ ਅਸੀਂ ਫਾਇਦਾ ਉਠਾ ਸਕਦੇ ਹਾਂ। ਅੱਗੇ ਆਉਣ ਵਾਲੀ ਰੂਪਰੇਖਾ ਵਿਚ, ਪੱਤਰ ਦੇ ਭਾਗਾਂ ਨੂੰ "ਨਿੱਜੀ" ਅਤੇ "ਵਿਹਾਰਕ" ਹਿੱਸਿਆਂ ਵਿਚ ਵੰਡਿਆ ਗਿਆ ਹੈ। ਵਿਹਾਰਕ ਭਾਗ (ਵਿਸ਼ੇ ਜਿਨ੍ਹਾਂ ਨੇ ਪੂਰੀ ਮੰਡਲੀ ਨੂੰ ਪ੍ਰਭਾਵਿਤ ਕੀਤਾ) ਤਿਰਛੇ ਰੁਖ ਲਿਖੇ ਗਏ ਹਨ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕੁਝ ਭਾਗ ਦੂਜੇ ਭਾਗ ਦੇ ਸਮਾਨ ਹਨ।

- I. ਅਧਿਆਇ 1
  - A. ਸਲਾਮ (1:1, 2)
  - B. *ਝੂਠੀ ਸਿੱਖਿਆ* (1) (1:3-11)
  - C. ਨਿੱਜੀ (1:12-20)
    1. "... ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿਚ ਆਇਆ" (1:12-17)
    2. "ਅੱਛੀ ਲੜਾਈ ਲੜੀਂ" (1:18-20)
- II. ਅਧਿਆਇ 2
  - A. *ਲੋਕਾਂ ਵਿਚ ਭਗਤੀ* (2:1-15)
    1. *ਮਰਦ* (2:1-8)
    2. *ਇਸਤ੍ਰੀਆਂ* (2:9-15)
- III. ਅਧਿਆਇ 3
  - A. *ਬਜ਼ੁਰਗਾਂ/ ਐਲਡਰਾਂ/ ਨਿਗਾਹਬਾਨਾਂ* (1) (3:1-7) *ਅਤੇ ਡੀਕਨਾਂ* (3:8-13)
  - B. ਨਿੱਜੀ ("ਜੇ ਮੈਨੂੰ ਕੁਝ ਚਿਰ ਲੱਗ ਜਾਵੇ") (3:14-16)
- IV. ਅਧਿਆਇ 4
  - A. *ਝੂਠੀ ਸਿੱਖਿਆ* (2) (4:1-5)
  - B. ਨਿੱਜੀ ("ਨਮੂਨਾ ਬਣੀਂ") (4:6-16)
- V. ਅਧਿਆਇ 5
  - A. ਨਿੱਜੀ (ਵੱਖ-ਵੱਖ ਉਮਰ ਦੇ ਸਮੂਹਾਂ ਨਾਲ ਸੰਬੰਧਤ) (5:1, 2)
  - B. *ਵਿਧਵਾਂ* (5:3-16)
  - C. *ਬਜ਼ੁਰਗਾਂ* (2) (5:17-22)
  - D. ਨਿੱਜੀ ("ਆਪਣੀ ਬਹੁਤੀਆਂ ਮਾਂਦਗੀਆਂ") (5:23)
  - E. *ਬਜ਼ੁਰਗਾਂ* (3) (5:24, 25)
- VI. ਅਧਿਆਇ 6
  - A. *ਗੁਲਾਮਾਂ* (6:1, 2)
  - B. *ਝੂਠੀ ਸਿੱਖਿਆ* (3) (6:3-5)
  - C. *ਧਨ* (1): *ਜਿਹੜੇ ਧਨਵਾਨ ਬਣਿਆ ਚਾਹੁੰਦੇ ਹਨ* (6:6-10)
  - D. ਨਿੱਜੀ ("... ਸਦੀਪਕ ਜੀਵਨ ਨੂੰ ਫੜ") (6:11-16)
  - E. *ਧਨ* (2): *ਜਿਹੜੇ ਧਨਵਾਨ ਸਨ* (6:17-19)
  - F. ਨਿੱਜੀ ("ਉਸ ਅਮਾਨਤ ਦੀ ਰਖਵਾਲੀ ਕਰ") (6:20, 21)

1 ਤਿਮੋਥਿਉਸ ਦੀ ਰੂਪਰੇਖਾ ਤੇ ਵਿਚਾਰ ਕਰਦਿਆਂ, ਸਾਨੂੰ *"ਝੂਠੀ ਸਿੱਖਿਆ"* ਵਾਲੇ ਭਾਗਾਂ ਤੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਝੂਠੀ ਸਿੱਖਿਆ ਦਾ ਵਿਸ਼ਾ ਪੂਰੀ ਪੱਤ੍ਰੀ ਵਿਚ ਫੈਲਦਾ ਹੈ। ਰੂਪਰੇਖਾ ਇਸ ਵਿਸ਼ੇ ਤੇ ਤਿੰਨ ਵੱਡੇ ਭਾਗਾਂ ਵੱਲ ਇਸ਼ਾਰਾ ਕਰਦੀ ਹੈ। ਇਸ ਨਾਲ ਸੰਬੰਧਤ ਛੋਟੀਆਂ ਟਿੱਪਣੀਆਂ ਦੂਜੇ ਭਾਗਾਂ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਜਿਵੇਂ ਕਿ ਅਸੀਂ ਵੇਖਾਂਗੇ, ਅਫ਼ਸੁਸ ਵਿਚ ਝੂਠੇ ਉਪਦੇਸ਼ਕਾਂ ਨੇ ਸੱਚਾਈ ਨੂੰ ਤੋੜਿਆ ਮਰੋੜਿਆ ਸੀ। ਉਹ ਨਿਹਚਾ ਤੋਂ ਫਿਰ ਗਏ ਸਨ (1:6; 4:1; ਵੇਖੋ 2 ਤਿਮੋਥਿਉਸ 2:18)। ਉਹ ਝੂਠ, ਕੁਧਰਮ ਦੀ ਬੁੜ ਬੁੜਾਟ, ਕਹਾਣੀਆਂ ਅਤੇ ਬਕਵਾਸ ਉਗਲ ਰਹੇ ਸਨ (1:4, 5; 4:2, 7; 6:3-5; 2 ਤਿਮੋਥਿਉਸ 2:16; 4:3, 4; ਤੀਤੁਸ 1:10, 11; 3:9)।

ਜਦੋਂ ਅਸੀਂ ਬਾਈਬਲ ਵਿਚ ਕਿਸੇ ਪੁਸਤਕ ਦਾ ਅਧਿਐਨ ਕਰਨ ਦੀ ਤਿਆਰੀ ਕਰਦੇ ਹਾਂ, ਇਹ ਵੇਖਣਾ ਮਦਦਗਾਰ ਹੁੰਦਾ ਹੈ ਕਿ ਇਹ ਪੁਸਤਕ ਕਿਵੇਂ ਸ਼ੁਰੂ ਅਤੇ ਖਤਮ ਹੁੰਦੀ ਹੈ। ਅਕਸਰ ਸਾਨੂੰ ਹਰ ਪੁਸਤਕ ਵਿਚ ਇਕ ਮੁੱਖ ਵਿਸ਼ਾ ਮਿਲਦਾ ਹੈ। ਡੇਲ ਹਾਰਟਮੈਨ ਨੇ ਇਨ੍ਹਾਂ ਸ਼ੁਰੂਆਤੀ ਅਤੇ ਸਮਾਪਤੀ ਗੱਲਾਂ ਦੀ ਤੁਲਨਾ ਕੱਪੜੇ ਸੁਕਾਉਣ ਵਾਲੀ ਰੱਸੀ ਦੇ ਖੰਭਿਆਂ ਦੇ ਸਿਰੇ ਨਾਲ ਕੀਤੀ ਸੀ। ਕਲਪਨਾ ਕਰੋ ਕਿ ਕੱਪੜੇ ਸੁਕਾਉਣ ਵਾਲੀ ਰੱਸੀ ਦੇ ਇਕ ਖੰਭੇ ਤੋਂ ਦੂਜੇ ਖੰਭੇ ਤੇ ਇਕ ਰੱਸੀ ਜਾਂ ਤਾਰ ਬੰਨ੍ਹੀ ਗਈ ਹੈ; ਉਸ ਨੇ ਸੁਝਾਅ ਦਿੱਤਾ ਸੀ ਕਿ ਪੁਸਤਕ ਦੇ ਸਾਰੇ ਵਿਸ਼ਿਆਂ ਨੂੰ ਉਸ ਰੱਸੀ ਉੱਤੇ ਟੰਗਿਆ ਜਾ ਸਕਦਾ ਹੈ।[28] ਆਓ ਅਸੀਂ 1 ਤਿਮੋਥਿਉਸ ਦੇ ਸ਼ੁਰੂਆਤੀ ਸ਼ਬਦਾਂ ਤੇ ਨਜ਼ਰ ਮਾਰੀਏ। ਇਹ ਝੂਠੀ ਸਿੱਖਿਆ ਦੇ ਵਿਖੇ ਇਕ ਚਿਤਾਵਨੀ ਨਾਲ ਸ਼ੁਰੂ ਹੁੰਦੀ ਹੈ:

> ਜਿਵੇਂ ਮੈਂ ਮਕਦੂਨਿਯਾ ਜਾਂਦਿਆਂ ਤੈਨੂੰ ਤਗੀਦ ਕੀਤੀ ਸੀ ਭਈ ਤੂੰ ਅਫ਼ਸੁਸ ਵਿੱਚ ਰਹੀਂ, ਤਿਵੇਂ ਹੁਣ ਵੀ ਕਰਦਾ ਹਾਂ ਭਈ ਤੂੰ ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰਾਂ ਦੀ ਸਿੱਖਿਆ ਨਾ ਦੇਣ। ਅਰ ਕਹਾਣੀਆਂ ਅਤੇ ਬੇਓੜਕ ਕੁਲਪੱਤ੍ਰੀਆਂ ਉੱਤੇ ਚਿੱਤ ਨਾ ਲਾਉਣ ਜਿਹੜੀਆਂ ਪਰਮੇਸ਼ੁਰ ਦੇ ਉਸ ਪਰਬੰਧ ਨੂੰ ਨਹੀਂ ਜਿਹੜਾ ਨਿਹਚਾ ਉੱਤੇ ਬਣਿਆ ਹੋਇਆ ਹੈ ਪਰ ਸਵਾਲਾਂ ਨੂੰ ਤਰੱਕੀ ਦਿੰਦੀਆਂ ਹਨ (1:3, 4)।

ਇਹ ਝੂਠੀ ਸਿੱਖਿਆ ਦੇ ਵਿਖੇ ਇਕ ਚਿਤਾਵਨੀ ਨਾਲ ਖਤਮ ਹੁੰਦੀ ਹੈ:

> ਹੇ ਤਿਮੋਥਿਉਸ, ਉਸ ਅਮਾਨਤ ਦੀ ਰਖਵਾਲੀ ਕਰ ਅਤੇ ਜਿਹੜਾ ਝੂਠ ਮੂਠ ਦਾ ਗਿਆਨ ਕਹਾਉਂਦਾ ਹੈ ਉਹ ਦੀ ਗੰਦੀ ਬੁੜ ਬੁੜ ਅਤੇ ਵਿਰੋਧਤਾਈਆਂ ਵੱਲੋਂ ਮੂੰਹ ਭੁਆ ਲੈ। ਕਈ ਲੋਕ ਉਸ "ਗਿਆਨ" ਨੂੰ ਮੰਨ ਕੇ ਨਿਹਚਾ ਦੇ ਨਿਸ਼ਾਨੇ ਤੋਂ ਖੁੰਝ ਗਏ ਹਨ (6:20, 21)।

"ਝੂਠੀ ਸਿੱਖਿਆ" ਕੱਪੜੇ ਸੁਕਾਉਣ ਵਾਲੀ ਰੱਸੀ ਦਾ ਇਕ ਰੂਪਕ ਹੈ ਜਿਸ ਉੱਤੇ ਪੱਤ੍ਰੀ ਵਿਚ ਦਿੱਤੇ ਗਏ ਹੋਰ ਵਿਸ਼ੇ ਟੰਗੇ ਜਾ ਸਕਦੇ ਹਨ। ਜਦੋਂ ਅਸੀਂ ਵੱਖ-ਵੱਖ ਵਿਸ਼ਿਆਂ ਦੇ ਬਾਰੇ ਅਧਿਐਨ ਕਰਾਂਗੇ, ਅਸੀਂ ਅਕਸਰ ਧਿਆਨ ਦੇਵਾਂਗੇ ਕਿ ਝੂਠੀ ਸਿੱਖਿਆ ਦਾ ਸਮੁੱਚਾ ਵਿਸ਼ਾ ਉਨ੍ਹਾਂ ਵਿੱਚੋਂ ਹਰੇਕ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਕਿਵੇਂ ਸੰਬੰਧ ਰੱਖਦਾ ਹੈ।

ਇਹ ਝੂਠੀ ਸਿੱਖਿਆ ਕੀ ਸੀ? ਜੇਕਰ ਮੈਂ ਇਸ ਸਿੱਖਿਆ ਦੇ ਸੁਭਾਅ ਦਾ ਸਾਰ ਕੱਢਣਾ ਹੁੰਦਾ ਤਾਂ ਮੈਂ ਇਸ ਦਾ ਵਰਣਨ ਇਕ ਧੋਖੇ ਵਾਲੀ ਦਾਲ ਦੇ ਰੂਪ ਵਿਚ ਕਰਾਂਗਾ ਜਿਸ ਦੇ ਵਿਚ ਤੋੜਿਆ-ਮਰੋੜਿਆਂ ਯਹੂਦੀ ਧਰਮ ਅਤੇ ਉਸ ਦੇ ਨਾਲ ਯੂਨਾਨੀ ਫਿਲਾਸਫੀ ਅਤੇ ਪ੍ਰਾਚੀਨ ਰਹੱਸਵਾਦ ਦਾ ਮਿਸ਼ਰਣ ਸ਼ਾਮਲ ਹੈ ਅਤੇ ਇਕ ਪਾਸੇ ਥੋੜ੍ਹੀ ਜਿਹੀ ਤੋੜੀ-ਮਰੋੜੀ ਮਸੀਹੀਅਤ। ਇਹ ਇਕ ਹਾਨੀਕਾਰਕ ਥਾਲੀ ਸੀ ਜਿਹੜੀ ਬੁੱਧਵਾਨ ਅਤੇ ਆਤਮਿਕ ਖਾਣੇ ਦੇ ਰੂਪ ਵਿਚ ਪਰੋਸੀ ਗਈ ਸੀ।

ਪੌਲੁਸ ਨੇ ਤਿਮੋਥਿਉਸ ਨੂੰ ਕਿੰਨੀ ਸ਼ਾਨਦਾਰ ਚੁਣੌਤੀ ਦਿੱਤੀ ਸੀ: ਅਫ਼ਸੁਸ ਵਿਚ ਝੂਠੇ

ਉਪਦੇਸ਼ਕਾਂ ਅਤੇ ਸਿੱਖਿਆਵਾਂ ਦਾ ਸਾਹਮਣਾ ਅਤੇ ਵਿਰੋਧ ਕਰਨਾ! ਇਸ ਦੇ ਨਾਲ-ਨਾਲ, ਉਸ ਨੇ ਹੋਰ ਵੀ ਬਹੁਤ ਸਾਰੀਆਂ ਚੁਣੌਤੀਆਂ ਤੇ ਕੰਮ ਕਰਨਾ ਸੀ ਜਿਨ੍ਹਾਂ ਵਿਚ ਲੋਕਾਂ ਵਿਚ ਭਗਤੀ ਅਤੇ ਕਲੀਸੀਆ ਦੀ ਅਗਵਾਈ ਸ਼ਾਮਲ ਸੀ। ਮੇਰੇ ਮਨ ਦੇ ਵਿਚ ਜੋ ਉਦਾਹਰਣ ਆਉਂਦਾ ਹੈ ਉਹ ਹੈ ਇਕ ਵਿਅਕਤੀ ਦਾ ਤੂਫ਼ਾਨ ਵਿਚ ਆਪਣੇ ਘਰ ਦੀ ਵੱਡੀ ਮੁਰੰਮਤ ਕਰਨ ਦੀ ਕੋਸ਼ਿਸ਼ ਕਰਨਾ ਹੈ!

ਇਸ ਕੰਮ ਦੇ ਨਾਲ ਇਕ ਸੱਚਾਈ ਇਹ ਵੀ ਜੁੜੀ ਸੀ ਕਿ ਤਿਮੋਥਿਉਸ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਵਿਚ, ਉਹ *ਲੋਕਾਂ* ਨਾਲ ਵਰਤੇਗਾ। ਕੁਝ ਲੋਕਾਂ ਨਾਲ, ਉਸ ਨੂੰ ਸਖਤਾਈ ਵਰਤਣੀ ਪੈਣੀ ਸੀ (1:3; 5:20; 6:12)। ਕੁਝ ਲੋਕਾਂ ਨਾਲ ਉਸ ਨੂੰ ਨਰਮਾਈ ਵਰਤਣ ਦੀ ਲੋੜ ਸੀ (5:1, 2; ਵੇਖੋ 2 ਤਿਮੋਥਿਉਸ 2:24-26)। ਉਸ ਦੀ ਚੁਣੌਤੀ ਇਕ ਅਜਿਹੀ ਚੁਣੌਤੀ ਸੀ ਜਿਸ ਦਾ ਸਾਹਮਣਾ ਅਸੀਂ ਆਪਣੇ ਸਾਰੇ ਸੰਬੰਧਾਂ ਵਿਚ ਕਰਦੇ ਹਾਂ: ਜਿੰਨਾ ਸੰਭਵ ਹੋ ਸਕੇ ਓਨੀ ਜ਼ਿਆਦਾ ਭਲਿਆਈ ਕਰਨਾ ਅਤੇ ਜਿੰਨਾ ਸੰਭਵ ਹੋ ਸਕੇ ਓਨੀ ਘੱਟ ਕਿਸੇ ਨੂੰ ਹਾਨੀ ਪਹੁੰਚਾਉਣਾ।

ਇਸ ਲਈ ਇਕ ਮੰਡਲੀ ਦੀ ਉਸਾਰੀ ਕਰਨਾ ਇਕ ਮਜ਼ਬੂਤ ਕੰਮ ਰਹੇਗਾ ਜੋ ਕਦੇ ਵੀ ਪੂਰਾ ਨਹੀਂ ਹੋਵੇਗਾ। ਇਸ ਪੱਤ੍ਰੀ ਦੇ ਸਾਡੇ ਅਧਿਐਨ ਵਿਚ, ਅਸੀਂ ਵੇਖਾਂਗੇ ਕਿ ਅਫ਼ਸੁਸ ਦੀ ਕਲੀਸੀਆ ਨੂੰ ਮਜ਼ਬੂਤ ਬਣਾਉਣ ਦੇ ਲਈ ਪੌਲੁਸ ਨੇ ਤਿਮੋਥਿਉਸ ਨੂੰ ਕੀ ਕਰਨ ਦਾ ਹੁਕਮ ਦਿੱਤਾ ਸੀ।

ਅਸੀਂ ਇਸ ਅਧਿਐਨ ਨੂੰ ਇਕ ਧਾਰਨਾ ਅਤੇ ਇਕ ਸਮਰਪਣ ਦੇ ਨਾਲ ਲਵਾਂਗੇ। ਕਲਪਨਾ ਇਹ ਹੈ ਕਿ 1 ਤਿਮੋਥਿਉਸ ਪਰਮੇਸ਼ੁਰ ਦਾ ਵਚਨ ਹੈ, ਜਿਹੜਾ "ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ" (2 ਤਿਮੋਥਿਉਸ 3:16)। ਸਮਰਪਣ ਇਸ ਨੂੰ ਸਮਝਣ ਦੇ ਲਈ ਆਪਣੀ ਉੱਤਮ ਕੋਸ਼ਿਸ਼ ਕਰਨਾ ਹੈ (1) ਮੂਲ ਲਿਖਤ ਤਿਮੋਥਿਉਸ ਨੂੰ ਕੀ ਆਖਦੀ ਸੀ ਅਤੇ (2) ਇਹ ਸਾਨੂੰ ਕੀ ਆਖਦੀ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਵਚਨ ਦਾ "ਅਧਿਐਨ ਗੰਭੀਰਤਾ ਨਾਲ ਕੀਤਾ ਜਾਵੇ, ਇਸ ਨੂੰ ਪੂਰੀ ਤਰ੍ਹਾਂ ਸਮਝਿਆ ਜਾਵੇ ਅਤੇ ਵਫ਼ਾਦਾਰੀ ਨਾਲ ਲਾਗੂ ਕੀਤਾ ਜਾਵੇ।"[29]

## 1, 2 ਤਿਮੋਥਿਉਸ ਅਤੇ ਤੀਤੁਸ ਵਿਚ ਵਿਸ਼ਾ

### "ਖਰੀ ਸਿੱਖਿਆ"

1 ਅਤੇ 2 ਤਿਮੋਥਿਉਸ ਅਤੇ ਤੀਤੁਸ ਵਿਚ ਪੌਲੁਸ ਦੀ ਮੁਖ ਚਿੰਤਾ ਇਹ ਸੀ ਕਿ ਸੱਚਾਈ ਦੀ ਰਾਖੀ ਕੀਤੀ ਜਾਵੇ, ਇਸ ਨੂੰ ਸੰਭਾਲ ਕੇ ਰੱਖਿਆ ਜਾਵੇ ਅਤੇ ਅਮਲ ਵਿਚ ਲਿਆਂਦਾ ਜਾਵੇ। ਪੱਤਰਾਂ ਵਿਚ ਮੁਖ ਸ਼ਬਦ "ਖਰੀ" ਹੈ। ਪੌਲੁਸ ਨੇ ਇਨ੍ਹਾਂ ਸ਼ਬਦਾਵਲੀਆਂ ਦੀ ਵਰਤੋਂ ਕੀਤੀ "ਨਿਹਚਾ ਵਿਚ ਖਰੇ" ਅਤੇ "ਬਚਨ ਵਿਚ ਖਰੇ" (ਤੀਤੁਸ 2:2, 8), ਪਰ ਉਸ ਨੇ ਵਿਸ਼ੇਸ਼ ਤੌਰ ਤੇ "ਖਰੀ ਸਿੱਖਿਆ" ਅਤੇ "ਖਰੀਆਂ ਗੱਲਾਂ" ਦੀ ਗੱਲ ਕੀਤੀ (6:3; 2 ਤਿਮੋਥਿਉਸ 4:3; ਤੀਤੁਸ 1:9; 2:1)।[30]

ਅਨੁਵਾਦ ਕੀਤਾ ਗਿਆ ਯੂਨਾਨੀ ਸ਼ਬਦ "ਖਰੀ" (ὑγιαίνω, *ਹਿਉਜੀਆਇਨੋ)* ਅੰਗ੍ਰੇਜ਼ੀ ਸ਼ਬਦ "ਹਾਈਜੀਨ" ਦਾ ਸ੍ਰੋਤ ਹੈ ਜਿਸ ਦਾ ਸ਼ਾਬਦਿਕ ਅਰਥ ਹੈ "ਤੰਦਰੁਸਤ ਹੋਣਾ," "ਚੰਗੀ ਸਰੀਰਕ ਤੰਦਰੁਸਤੀ ਵਿਚ।" ਪ੍ਰਤੀਕਾਤਮਕ ਰੂਪ ਵਿਚ ਵਰਤੋਂ ਕਰਦਿਆਂ, ਇਸ ਸ਼ਬਦ ਦਾ ਅਰਥ ਹੈ "ਖਰਾ ਹੋਣਾ ਜਾਂ ਕੋਈ ਗਲਤੀ ਨਾ ਹੋਣਾ, ਸਹੀ ਹੋਣਾ।"[31] ਜੇਕਰ ਅਸੀਂ ਸ਼ਾਬਦਿਕ ਅਤੇ ਪ੍ਰਤੀਕਾਤਮਕ ਅਰਥਾਂ ਨੂੰ ਆਪਸ ਵਿਚ ਮਿਲਾ ਦੇਈਏ, "ਖਰੀ ਸਿੱਖਿਆ" ਉਹ ਸਿੱਖਿਆ ਹੈ ਜਿਸ ਵਿਚ ਕੋਈ ਗਲਤੀ ਨਹੀਂ ਹੈ ਅਤੇ ਜੋ ਆਤਮਿਕ ਤੰਦਰੁਸਤੀ ਨੂੰ ਬੜਾਵਾ ਦਿੰਦੀ ਹੈ। 2 ਤਿਮੋਥਿਉਸ 4:3 ਵਿਚ, NEB ਬਾਈਬਲ ਵਿਚ "ਪੌਸ਼ਟਿਕ ਸਿੱਖਿਆ" ਹੈ। ਇਕ ਬਾਈਬਲ ਅਨੁਵਾਦ ਵਿਚ "ਨਿਰੋਗ ਸਿੱਖਿਆ" ਹੈ।[32]

ਇਸ ਦੇ ਉਲਟ, ਸਾਨੂੰ "*ਖਰਾਬ* ਸਿੱਖਿਆ" ਤੋਂ ਸਾਵਧਾਨ ਰਹਿਣਾ ਚਾਹੀਦਾ ਹੈ: ਉਹ ਸਿੱਖਿਆ ਜਿਸ ਦੇ ਵਿਚ ਗਲਤੀ ਹੈ, ਉਹ ਸਿੱਖਿਆ ਜੋ ਆਤਮਿਕ ਬਿਮਾਰੀ ਨੂੰ ਬੜਾਵਾ ਦਿੰਦੀ ਹੈ। 1 ਤਿਮੋਥਿਉਸ 6:4 ਵਿਚ, ਪੌਲੁਸ ਨੇ ਉਸ ਵਿਅਕਤੀ ਦੀ ਗੱਲ ਕੀਤੀ ਸੀ ਜਿਸ ਨੂੰ "ਵਿਵਾਦਾਂ ਅਤੇ ਸ਼ਬਦਾਂ ਦੇ ਹੇਰ ਫੇਰ ਦੀ ਬਿਮਾਰੀ ਲੱਗੀ ਹੋਈ ਹੈ।" ਅਨੁਵਾਦ ਕੀਤਾ ਗਿਆ "ਬਿਮਾਰੀ" ਸ਼ਬਦ ਯੂਨਾਨੀ ਕਿਰਿਆ νοσέω *(ਨੋਸੀਓ)* ਤੋਂ ਆਇਆ ਹੈ ਜਿਸ ਦਾ ਅਰਥ ਹੈ "ਬਿਮਾਰ, ਰੋਗੀ ਹੋਣਾ।" ਸੰਬੰਧਤ ਨਾਂਵ νόσος *(ਨੋਸੋਸ)* ਸ਼ਾਬਦਿਕ ਤੌਰ ਤੇ "ਸਰੀਰਕ ਰੋਗ, ਬਿਮਾਰੀ" ਅਤੇ ਪ੍ਰਤੀਕਾਤਮਕ ਰੂਪ ਵਿਚ "ਨੈਤਿਕ ਰੋਗ, ਬਿਮਾਰੀ" ਦਾ ਹਵਾਲਾ ਦਿੰਦਾ ਹੈ।[33] NIV ਬਾਈਬਲ *ਨੋਸੀਓ* ਦਾ ਅਨੁਵਾਦ "ਬੀਮਾਰ" (ਵਾਕ ਵਿਚ, "ਬੀਮਾਰ ਹਿਤ") ਦੇ ਤੌਰ ਤੇ ਕਰਦੀ ਹੈ।

ਜਦੋਂ ਪੌਲੁਸ ਨੇ ਅਫ਼ਸੁਸ ਤਿਮੋਥਿਉਸ ਦੀ ਜ਼ਿੰਮੇਵਾਰੀਆਂ ਬਾਰੇ ਵਿਸਤਾਰ ਨਾਲ ਦੱਸਿਆ, ਤਾਂ ਉਸ ਦੀ ਸੂਚੀ ਵਿਚ ਸਭ ਤੋਂ ਉੱਤੇ ਉਸ ਸਿੱਖਿਆ ਨਾਲ ਨਜਿੱਠਣਾ ਸੀ ਜੋ ਖਰੀ ਨਹੀਂ ਸੀ ਅਤੇ ਗਲਤ ਸੀ: "ਤੂੰ ਅਫ਼ਸੁਸ ਵਿੱਚ ਰਹੀਂ ਭਈ ਤੂੰ *ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰਾਂ ਦੀ ਸਿੱਖਿਆ ਨਾ ਦੇਣ* (1:3; ਜ਼ੋਰ ਦਿੱਤਾ ਗਿਆ ਹੈ)। ਝੂਠੀ ਸਿੱਖਿਆ ਦੇ ਨਾਲ ਨਜਿੱਠਣਾ ਇਕ ਅਜਿਹਾ ਵਿਸ਼ਾ ਹੈ ਜੋ ਤਿੰਨ ਪੱਤ੍ਰੀਆਂ ਵਿਚ ਬਾਰ-ਬਾਰ ਆਉਂਦਾ ਹੈ, ਇਸ ਲਈ ਅਸੀਂ ਮੂਲ ਲਿਖਤ ਦਾ ਆਇਤ-ਦਰ-ਆਇਤ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਅਫ਼ਸੁਸ ਵਿਚ ਪਾਈ ਜਾਣ ਵਾਲੀ "ਹੋਰ ਤਰਾਂ ਦੀ ਸਿੱਖਿਆ" ਤੇ ਚਰਚਾ ਕਰਨ ਦੇ ਮਹੱਤਵ ਨੂੰ ਲੱਭਾਗੇ।

## "ਹੋਰ ਤਰਾਂ ਦੀਆਂ ਸਿੱਖਿਆਵਾਂ" ਵਿਰੁੱਧ ਚਿਤਾਵਨੀਆਂ

1:3 ਵਿਚ ਪੌਲੁਸ ਦੇ ਤਿਮੋਥਿਉਸ ਨੂੰ ਦਿੱਤੇ ਗਏ ਇਹ ਹੁਕਮ ਕਿ "... ਤੂੰ ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰਾਂ ਦੀ ਸਿੱਖਿਆ ਨਾ ਦੇਣ" ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ "ਉੱਥੇ ਪਹਿਲਾਂ ਤੋਂ ਹੀ ਮਸੀਹੀ ਸਿੱਖਿਆ ਦਾ ਇਕ ਮਾਨਤਾ ਪ੍ਰਾਪਤ ਨਮੂਨਾ ਮੌਜੂਦ ਦੀ।"[34] ਤਿਮੋਥਿਉਸ ਨੂੰ ਲਿਖੇ ਪੌਲੁਸ ਦੇ ਦੂਜੇ ਪੱਤਰ ਵਿਚ, ਉਸ ਨੇ ਲਿਖਿਆ, "ਤੂੰ ਓਹਨਾਂ ਖਰੀਆਂ ਗੱਲਾਂ ਦੇ *ਨਮੂਨੇ* ਨੂੰ ਜਿਹੜੀਆਂ ਤੈਂ ਮੈਥੋਂ ਸੁਣੀਆਂ ਫੜੀ ਰੱਖੀਂ" (2 ਤਿਮੋਥਿਉਸ 1:13; ਜ਼ੋਰ ਦਿੱਤਾ ਗਿਆ ਹੈ)।

ਪੌਲੁਸ ਨੂੰ ਸੱਚਾਈ ਦਾ ਸੰਦੇਸ਼ ਸੌਂਪਿਆ ਗਿਆ ਸੀ (ਤੀਤੁਸ 1:3), ਜਿਹੜਾ ਉਸ ਨੇ ਅੱਗੇ ਤਿਮੋਥਿਉਸ ਨੂੰ ਸੌਂਪ ਦਿੱਤਾ ਸੀ (6:20; 2 ਤਿਮੋਥਿਉਸ 1:14), ਜੋ ਤਿਮੋਥਿਉਸ ਨੇ ਵੀ ਬਾਅਦ ਵਿਚ ਅੱਗੇ ਦੂਜਿਆਂ ਨੂੰ ਸੌਂਪਣਾ ਸੀ (2 ਤਿਮੋਥਿਉਸ 2:2)। ਸੱਚਾਈ ਅਨਮੋਲ ਹੈ। ਇਸ ਨੂੰ ਹਲਕੇ ਵਿਚ ਨਹੀਂ ਲਿਆ ਜਾਣਾ ਚਾਹੀਦਾ। ਇਸੇ ਕਾਰਣ, ਪੌਲੁਸ ਗਲਤ ਸਿੱਖਿਆ ਨੂੰ ਸਹਿਣ ਨਹੀਂ ਕਰ ਸਕਿਆ ਅਤੇ ਨਾ ਹੀ ਕਰੇਗਾ। ਉਸ ਨੇ ਗਲਾਤੀਆਂ ਨੂੰ ਆਖਿਆ, "ਜੇ ਕੋਈ ਉਸ ਖੁਸ਼ਖਬਰੀ ਤੋਂ ਬਿਨਾ ਜਿਹੜੀ ਤੁਸਾਂ [ਅਰਥਾਤ ਪੌਲੁਸ ਕੋਲੋਂ] ਕਬੂਲ ਕੀਤੀ ਤੁਹਾਨੂੰ ਕੋਈ ਹੋਰ ਖੁਸ਼ਖਬਰੀ ਸੁਣਾਵੇ ਤਾਂ ਉਹ ਸਰਾਪਤ ਹੋਵੇ!" (ਗਲਾਤੀਆਂ 1:9)।

*ਚਿਤਾਵਨੀ: ਰੂਹਾਂ ਨਾਸ ਹੋ ਜਾਣਗੀਆਂ!* ਵਿਚਾਰ ਅਧੀਨ ਝੂਠੇ ਉਪਦੇਸ਼ਕਾਂ ਸੰਬੰਧੀ, ਪੌਲੁਸ ਨੇ ਇਹ ਚਿਤਾਵਨੀ ਦਿੱਤੀ ਸੀ ਕਿ "ਓਹਨਾਂ ਦਾ ਬਚਨ ਮਿੱਠੀ ਮੋਹਰੀ ਵਾਂਙੁ ਖਾਂਦਾ ਜਾਵੇਗਾ" (2 ਤਿਮੋਥਿਉਸ 2:17)। ਉਸ ਨੇ ਲਿੱਪੀਆਂਤਰਿਤ ਯੂਨਾਨੀ ਸ਼ਬਦ (γάγγραινα, *ਗੈਂਗਰਾਈਨਾ)* ਦੀ ਵਰਤੋਂ ਕੀਤੀ ਜਿਹੜਾ "ਗੈਂਗਰੀਨ, ਕੈਂਸਰ"[35] – "'ਖਾ ਜਾਣ ਫੋੜੇ,' ਫੈਲਣ ਵਾਲੇ ਭ੍ਰਿਸ਼ਟਾਚਾਰ ਅਤੇ ਪੈਦਾ ਕਰਨ ਵਾਲੀ ਨਮੋਸ਼ੀ [ਮੌਤ] ਦਾ ਵਰਣਨ ਕਰਦਾ ਹੈ।"[36] AB ਬਾਈਬਲ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ "ਉਨ੍ਹਾਂ ਦੀ ਸਿੱਖਿਆ ਉਨ੍ਹਾਂ ਨੂੰ ਕੈਂਸਰ ਦੇ ਵਾਂਗ ਖਾ [ਨਿਗਲ] ਜਾਵੇਗੀ ਜਾਂ ਗੈਂਗਰੀਨ [ਮੌਹਰੀ] ਦੇ ਵਾਂਗ ਫੈਲ ਜਾਵੇਗੀ।" ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜਿਸ ਦੇ ਸਰੀਰ ਵਿਚ ਗੈਂਗਰੀਨ (ਮੌਹਰੀ) ਨੂੰ ਫੈਲਣ ਤੋਂ ਰੋਕਣ ਦੇ ਲਈ ਉਸ ਦੇ ਸਰੀਰ ਦਾ ਕੋਈ

ਅੰਗ ਕੱਟਣਾ ਪਿਆ ਸੀ? ਕੀ ਤੁਸੀਂ ਕਦੇ ਕਿਸੇ ਅਜਿਹੇ ਵਿਅਕਤੀ ਦੇ ਲਾਗੇ ਬੈਠੇ ਹੋ ਜੋ ਕੈਂਸਰ ਦੁਆਰਾ ਖਾਧਾ ਜਾ ਰਿਹਾ ਸੀ? ਜੇਕਰ ਹਾਂ, ਤਾਂ ਤੁਸੀਂ ਪੌਲੁਸ ਦੀ ਸ਼ਬਦਾਵਲੀ ਦੀ ਸਪੱਸ਼ਟਤਾ ਨੂੰ ਸਮਝਦੇ ਹੋ।

*ਚਿਤਾਵਨੀ: ਨਿਹਚਾ ਵਿਗੜ ਜਾਵੇਗੀ!* ਅਫ਼ਸੁਸ ਅਤੇ ਕਰੇਤੀ ਦੀਆਂ ਕਲੀਸੀਆਵਾਂ ਵਿਚ ਜਿੱਥੇ ਪੌਲੁਸ ਤੀਤੁਸ ਨੂੰ ਛੱਡ ਕੇ ਗਿਆ ਸੀ, ਝੂਠੀ ਸਿੱਖਿਆ ਦਾ ਨਤੀਜਾ "ਖਾਰ, ਝਗੜਾ, ਕੁਫ਼ਰ, ਬਦਗੁਮਾਨੀਆਂ ਅਤੇ ਟੰਟੇ" ਸੀ (6:4, 5)। ਇਸ ਨੇ ਮਸੀਹੀ ਲੋਕਾਂ ਦੀ "ਨਿਹਚਾ ਨੂੰ ਵਿਗਾੜ ਦਿੱਤਾ ਸੀ" (2 ਤਿਮੋਥਿਉਸ 2:18), "[ਨਿਹਚਾ ਦੇ] ਘਰਾਂ ਦੇ ਘਰ ਉਲਟ ਸੁੱਟੇ ਸਨ" (ਤੀਤੁਸ 1:11)। ਪੌਲੁਸ ਨੇ ਝੂਠੇ ਉਪਦੇਸ਼ਕਾਂ ਦੇ ਸੰਦੇਸ਼ ਨੂੰ "ਚੀਜ਼ਾਂ ਨੂੰ ਸਿਰਫ ਇਕ ਵੱਖਰੇ ਢੰਗ ਨਾਲ ਦੇਖਣਾ" ਜਾਂ "ਵਿਕਲਪਿਕ ਆਤਮਿਕ ਮਾਰਗ" ਨਹੀਂ ਸੀ ਸਮਝਿਆ। ਇਹ *ਝੂਠੀ ਸਿੱਖਿਆ* ਸੀ, ਕੈਂਸਰਯੁਕਤ ਸੰਦੇਸ਼ ਸੀ ਜਿਹੜਾ "ਸੁਣਨ ਵਾਲਿਆਂ ਨੂੰ ਵਿਗਾੜਦਾ" ਸੀ (2 ਤਿਮੋਥਿਉਸ 2:14)।

*ਚਿਤਾਵਨੀ: ਖੁਸ਼ਖ਼ਬਰੀ ਦਾ ਪਰਚਾਰ ਨਹੀਂ ਹੋਵੇਗਾ!* ਪੌਲੁਸ ਦੀਆਂ ਮੁਢਲੀਆਂ ਚਿੰਤਾਵਾਂ ਵਿੱਚੋਂ ਇਕ ਚਿੰਤਾ ਇਹ ਸੀ ਕਿ ਕਿਵੇਂ ਝੂਠੀ ਸਿੱਖਿਆ ਨੇ ਲੋਕਾਂ ਦਾ ਧਿਆਨ ਖੁਸ਼ਖ਼ਬਰੀ ਵੱਲੋਂ ਆਪਣੇ ਵੱਲ ਖਿੱਚਿਆ ਸੀ। ਇਸ ਦਾ "ਕੁਝ ਲਾਭ ਨਹੀਂ" ਸੀ (2 ਤਿਮੋਥਿਉਸ 2:14), ਇਹ "ਮੂਰਖਪੁਣਾ," "ਨਿਸਫਲ ਅਤੇ ਅਕਾਰਥ" ਸੀ (ਤੀਤੁਸ 3:9)। ਇਸ ਨੇ ਪ੍ਰਭੂ ਦੇ ਕੰਮ ਨੂੰ ਅੱਗੇ ਵਧਾਉਣ ਦੀ ਬਜਾਇ "ਸਵਾਲਾਂ ਨੂੰ ਤਰੱਕੀ" ਦਿੱਤੀ (1:4)। ਇਸ ਦੇ ਕਾਰਣ ਮਨੁੱਖ "ਬਕਵਾਸ ਦੀ ਵੱਲ ਪਰਤ ਗਏ" (1:6)। ਇਸ ਦੀ ਸਿੱਖਿਆ ਦੇਣ ਜਾਂ ਇਸ ਦਾ ਸਾਹਮਣਾ ਕਰਨ ਤੇ ਜੋ ਸਮਾਂ ਖਰਚ ਕੀਤਾ ਗਿਆ ਸੀ ਉਹੀ ਸਮਾਂ ਖੁਸ਼ਖ਼ਬਰੀ ਦੀ ਸਿੱਖਿਆ ਦੇਣ, ਰੂਹਾਂ ਨੂੰ ਬਚਾਉਣ ਅਤੇ ਮਸੀਹੀ ਲੋਕਾਂ ਨੂੰ ਤਕੜਿਆਂ ਕਰਨ ਦੇ ਲਈ ਖਰਚ ਕੀਤਾ ਜਾ ਸਕਦਾ ਸੀ। ਇਹ ਸ਼ਤਾਨ ਦੀ ਰਣਨੀਤੀ ਦਾ ਹਿੱਸਾ ਸੀ (ਵੇਖੋ 2 ਤਿਮੋਥਿਉਸ 2:26) ਜੋ ਖੁਸ਼ਖ਼ਬਰੀ ਵੱਲੋਂ ਲੋਕਾਂ ਦਾ ਧਿਆਨ ਭਟਕਾਉਣ ਦੇ ਲਈ ਤਿਆਰ ਕੀਤੀ ਗਈ ਸੀ।

ਪੌਲੁਸ ਚਾਹੁੰਦਾ ਸੀ ਕਿ ਤਿਮੋਥਿਉਸ – ਅਤੇ ਸਾਰੇ ਮਸੀਹੀ ਲੋਕ – ਇਹ ਜਾਣ ਲੈਣ ਕਿ ਝੂਠੀ ਸਿੱਖਿਆ "ਗਲਤ" ਸਿੱਖਿਆ ਸੀ। ਝੂਠੀ ਸਿੱਖਿਆ ਰੂਹ, ਮੰਡਲੀ ਜਾਂ ਭਾਈਚਾਰੇ ਨੂੰ ਤਬਾਹ ਕਰ ਸਕਦੀ ਹੈ (ਵੇਖੋ ਤੀਤੁਸ 1:11)। ਸਾਨੂੰ ਸਾਰਿਆਂ ਨੂੰ ਵਚਨ ਵਿਚ ਬਣੇ ਰਹਿਣ ਦਾ ਪ੍ਰਣ ਲੈਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਉਹੀ ਕਰਨ ਦੇ ਲਈ ਸਮਰਪਿਤ ਕਰਨਾ ਚਾਹੀਦਾ ਹੈ ਜੋ ਵਚਨ ਕਹਿੰਦਾ ਹੈ (2 ਤਿਮੋਥਿਉਸ 4:2; ਤੀਤੁਸ 1:9)।

## ਉਹ ਸਿੱਖਿਆ ਨੂੰ ਪਛਾਣਨਾ ਜੋ ਖਰੀ ਨਹੀਂ ਹੈ

ਉਹ ਕਿਹੜੀ ਸਿੱਖਿਆ *ਸੀ* ਜੋ ਖਰੀ ਨਹੀਂ ਸੀ ਜਿਸ ਦਾ ਤਿਮੋਥਿਉਸ ਨੇ ਵਿਰੋਧ ਜਾਂ ਸਾਹਮਣਾ ਕਰਨਾ ਸੀ? ਮੂਲ ਲਿਖਤ ਉਸ ਸਵਾਲ ਦਾ ਵਿਸਤ੍ਰਿਤ ਜਵਾਬ ਨਹੀਂ ਦਿੰਦੀ, ਪਰ ਉਹ ਗਲਤ ਸਿੱਖਿਆ ਜੋ ਦਿੱਤੀ ਜਾ ਰਹੀ ਸੀ ਉਸ ਦੇ ਵਿਖੇ ਸਾਡੇ ਕੋਲ ਕਈ ਸੰਕੇਤ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਵਿਕ੍ਰਤ ਯਹੂਦੀ ਧਰਮ, ਯੂਨਾਨੀ ਫਿਲਾਸਫੀ, ਪ੍ਰਾਚੀਨ ਰਹੱਸਵਾਦ ਅਤੇ ਤੋੜੀ-ਮਰੋੜੀ ਮਸੀਹੀਅਤ ਦਾ ਮਿਸ਼ਰਣ ਸੀ।

*ਵਿਕ੍ਰਤ ਯਹੂਦੀ ਧਰਮ।* ਲੱਗਦਾ ਹੈ ਕਿ ਵਿਕ੍ਰਤ ਯਹੂਦੀ ਧਰਮ "ਹੋਰ ਤਰਾਂ ਦੀਆਂ ਸਿੱਖਿਆਵਾਂ" ਵਿਚ ਮਸ਼ਹੂਰ ਸੀ। ਤਿਮੋਥਿਉਸ ਨੂੰ ਇਹ ਤਗੀਦ ਕੀਤੀ ਗਈ ਸੀ ਕਿ "ਤੂੰ ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰਾਂ ਦੀ ਸਿੱਖਿਆ ਨਾ ਦੇਣ ਅਰ ਕਹਾਣੀਆਂ ਅਤੇ ਬੇਓੜਕ ਕੁਲਪੱਤ੍ਰੀਆਂ ਉੱਤੇ ਚਿੱਤ ਨਾ ਲਾਉਣ" (1:3, 4)। 1:6, 7 ਵਿਚ, ਪੌਲੁਸ ਨੇ "ਕਈਆਂ" (ਨਿਸ਼ਚਤ ਤੌਰ ਤੇ ਇਹ 1:3 ਵਾਲੇ "ਕਈਆਂ" ਸਨ) ਦੀ ਗੱਲ ਕੀਤੀ ਸੀ ਜਿਹੜੇ "*ਸ਼ਰਾ* ਦੇ ਪੜ੍ਹਾਉਣ ਵਾਲੇ ਹੋਣੇ ਚਾਹੁੰਦੇ ਹਨ" (ਜ਼ੋਰ

ਦਿੱਤਾ ਗਿਆ ਹੈ)। ਫਿਰ ਉਸ ਨੇ ਦਸ ਹੁਕਮਾਂ ਨਾਲ ਸੰਬੰਧਤ ਪਾਪਾਂ ਦੇ ਬਾਰੇ ਦੱਸ ਕੇ "ਸ਼ਰਾ" ਦੀ ਪਛਾਣ ਕਰਵਾਈ (1:9, 10)।

ਤੀਤੁਸ ਨੂੰ ਲਿਖੇ ਪੌਲੁਸ ਦੇ ਪੱਤਰ ਵਿਚ, ਰਸੂਲ ਨੇ ਝੂਠੇ ਉਪਦੇਸ਼ਕਾਂ ਦੇ ਵਿਖੇ ਚਿਤਾਵਨੀਆਂ ਵੀ ਦਿੱਤੀਆਂ ਸਨ। ਉਸ ਨੇ ਆਖਿਆ ਸੀ, "ਬਾਹਲੇ ਢੀਠ ... ਖਾਸ ਕਰਕੇ *ਸੁੰਨਤੀਆਂ* [ਯਹੂਦੀਆਂ] *ਵਿੱਚੋਂ*" (ਤੀਤੁਸ 1:10; ਜ਼ੋਰ ਦਿੱਤਾ ਗਿਆ ਹੈ)। ਪੌਲੁਸ ਨੇ ਤੀਤੁਸ ਨੂੰ "*ਯਹੂਦੀਆਂ ਦੀਆਂ ਖਿਆਲੀ ਕਹਾਣੀਆਂ* ਵੱਲ ਅਤੇ ਅਜੇਹੇ ਮਨੁੱਖਾਂ ਦੇ ਹੁਕਮਾਂ ਵੱਲ ਚਿੱਤ ਨਾ ਲਾਉਣ" ਦੀ ਬੇਨਤੀ ਕੀਤੀ ਸੀ (1:14; ਜ਼ੋਰ ਦਿੱਤਾ ਗਿਆ ਹੈ)। ਕਰੇਤੀ ਵਿਚ ਬਹੁਤ ਸਾਰੇ, ਸ਼ਾਇਦ ਜ਼ਿਆਦਾਤਰ ਝੂਠੇ ਉਪਦੇਸ਼ਕਾਂ ਦਾ ਪਿਛੋਕੜ ਯਹੂਦੀ ਸੀ।[37]

ਪਹਿਲਾਂ, ਯਹੂਦੀ ਉਪਦੇਸ਼ਕਾਂ[38] ਨੇ ਗੈਰ-ਕੌਮਾਂ ਨੂੰ ਇਹ ਸਿੱਖਿਆ ਦੇਣ ਦੁਆਰਾ ਕਲੀਸੀਆਵਾਂ ਵਿਚ ਵਿਗਾੜ ਪਾਈ ਸੀ ਕਿ ਉਹ ਤਦ ਤੱਕ ਨਹੀਂ ਬਚਾਏ ਜਾ ਸਕਦੇ ਜਦੋਂ ਤੱਕ "ਮੂਸਾ ਦੀ ਰੀਤ ਦੇ ਅਨੁਸਾਰ ਉਨ੍ਹਾਂ ਸੀ ਸੁੰਨਤ ਨਹੀਂ ਹੁੰਦੀ" (ਰਸੂਲਾਂ ਦੇ ਕਰਤੱਬ 15:1)। ਪੌਲੁਸ ਨੇ ਸਿੱਧੇ ਤੌਰ ਤੇ ਉਨ੍ਹਾਂ ਦੀ ਸਿੱਖਿਆ ਦਾ ਵਿਰੋਧ ਕੀਤਾ ਸੀ। ਉਸ ਨੇ ਗਲਾਤੀਆਂ 5:6 ਵਿੱਚ ਲਿਖਿਆ ਕਿ "ਮਸੀਹ ਯਿਸੂ ਵਿੱਚ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ ਸਗੋਂ ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ" (ਵੇਖੋ 1 ਕੁਰਿੰਥੀਆਂ 7:19; ਗਲਾਤੀਆਂ 6:15)। ਪਰ, ਸੁੰਨਤ ਦੇ ਮੁੱਦੇ ਤੇ ਧਿਆਨ – ਘੱਟੋ-ਘੱਟ ਅਫ਼ਸੁਸ ਵਿਚ – ਸਪੱਸ਼ਟ ਰੂਪ ਵਿਚ ਘੱਟ ਗਿਆ ਸੀ। ਮੌਜੂਦਾ ਯਹੂਦੀ ਸਮੱਸਿਆ ਦਾ ਸੰਬੰਧ "ਕਹਾਣੀਆਂ" ਅਤੇ "ਕੁਲਪੱਤ੍ਰੀਆਂ" ਨਾਲ ਸੀ (1:4)।[39]

ਪੁਰਾਣਾ ਨੇਮ ਕੁਲਪੱਤ੍ਰੀਆਂ ਨਾਲ ਭਰਿਆ ਪਿਆ ਹੈ। ਇਹ ਕੁਲਪੱਤ੍ਰੀਆਂ ਗੋਤਾਂ ਦੇ ਜ਼ਮੀਨੀ ਹੱਕਾਂ ਨੂੰ ਪ੍ਰਮਾਣਿਤ ਕਰਨ ਦੇ ਲਈ ਜ਼ਰੂਰੀ ਸਨ। ਉਨ੍ਹਾਂ ਨੂੰ ਜਾਜਕੀ ਕੰਮਾਂ ਅਤੇ ਸ਼ਾਹੀ ਵੰਸ਼ਾਵਲੀਆਂ ਨੂੰ ਨਿਰਧਾਰਤ ਕਰਨ ਦੇ ਲਈ ਵੀ ਵਰਤਿਆ ਜਾਂਦਾ ਸੀ। ਬਹੁਤ ਸਾਰੇ ਯਹੂਦੀ ਲੋਕਾਂ ਦੇ ਲਈ, ਉਨ੍ਹਾਂ ਅੱਜ ਦੇ ਸਮੇਂ ਦੀਆਂ ਗ਼ੈਰ-ਧਾਰਮਿਕ ਕੁਲਪੱਤ੍ਰੀਆਂ ਦੇ ਉਦੇਸ਼ ਨੂੰ ਪੂਰਾ ਕਰਨ ਦਾ ਕੰਮ ਕੀਤਾ ਸੀ: ਕਿਸੇ ਵਿਅਕਤੀ ਦੇ ਵਿਰਸੇ ਨੂੰ ਸਾਬਤ ਕਰਨਾ। ਕੁਲਪੱਤ੍ਰੀਆਂ ਇਹ ਪਰਿਭਾਸ਼ਿਤ ਕਰਨ ਦੇ ਲਈ ਕਿ ਉਹ ਕੌਣ ਸਨ ਯਹੂਦੀ ਲੋਕਾਂ ਦੇ ਲਈ ਮਹੱਤਵਪੂਰਣ ਸਨ।[40]

ਇਨ੍ਹਾਂ ਕੁਲਪੱਤ੍ਰੀਆਂ ਨੇ ਰੱਬੀਆਂ ਨੂੰ ਮੋਹਿਤ ਕਰ ਲਿਆ; ਉਹ ਵਿਸ਼ੇਸ਼ ਕਰਕੇ ਉਨ੍ਹਾਂ ਵਿਅਕਤੀਆਂ ਵਿਚ ਦਿਲਚਸਪੀ ਰੱਖਦੇ ਸਨ ਜਿਨ੍ਹਾਂ ਦੇ ਬਾਰੇ ਥੋੜ੍ਹੀ ਜਾਂ ਬਿਲਕੁਲ ਵੀ ਕੋਈ ਜਾਣਕਾਰੀ ਨਹੀਂ ਸੀ ਹੁੰਦੀ। ਉਹ ਵਿਅਕਤੀ ਜੋ ਹੁੰਦਾ ਸੀ ਅਤੇ ਜੋ ਉਸ ਨੇ ਕੀਤਾ ਸੀ ਉਸ ਦੇ ਬਾਰੇ ਇਕ ਵਿਸਤ੍ਰਿਤ ਕਹਾਣੀ ਬਣਾ ਲੈਂਦੇ ਸਨ। ਇਹ "ਪ੍ਰੇਰਣਾ ਨਾਲ ਲਿਖੀਆਂ ਗਈਆਂ ਲਿਖਤਾਂ ਤੇ ਵਿਸਤ੍ਰਿਤ ਕਸੀਦੇ" ਸਮਾਜ ਵਿਚ ਆਮ ਗੱਲ ਸੀ ਅਤੇ "ਬਾਅਦ ਵਿਚ ਉਨ੍ਹਾਂ ਨੂੰ *ਤਾਲਮੁਡ* ਦੇ ਉਸ ਹਿੱਸੇ ਵਿਚ ਲਿਖਤ ਰੂਪ ਵਿਚ ਜਮ੍ਹਾ ਕਰਾ ਦਿੱਤਾ ਜਾਂਦਾ ਸੀ ਜੋ ਕਿ *ਹਗੱਦਾਹ* ਦੇ ਨਾਂ ਨਾਮ ਜਾਣਿਆ ਜਾਂਦਾ ਸੀ।"[41]

ਕੁਲਪੱਤ੍ਰੀਆਂ ਨਾਲ ਕਿਵੇਂ ਦਾ ਵਿਹਾਰ ਕੀਤਾ ਜਾਂਦਾ ਸੀ ਇਸ ਦਾ ਉਦਾਹਰਣ ਅਪੋਕ੍ਰਿਫਾ ਦੀ ਪੁਸਤਕ ਜੁਬਲੀਸ ਵਿਚ ਮਿਲਦਾ ਹੈ।[42] ਇਸ ਰਚਨਾ ਵਿਚ, ਜੋ ਕਿ ਸ਼ਾਇਦ ਦੂਜੀ ਜਾਂ ਪਹਿਲੀ ਸਦੀ ਈਸਾ ਪੂਰਵ ਵਿਚ ਲਿਖੀ ਗਈ ਸੀ, ਲੇਖਕ ਨੇ ਉਤਪਤ ਦੀ ਪੁਸਤਕ ਅਤੇ ਕੂਚ ਦੀ ਪੁਸਤਕ ਦੇ ਸ਼ੁਰੂਆਤੀ ਅਧਿਆਵਾਂ ਵਿਚ ਵਿਸਤਾਰ ਦਿੱਤਾ ਅਤੇ ਉਨ੍ਹਾਂ ਵਿਚ ਸੋਧ ਕੀਤਾ ਸੀ। ਉਹ ਨੇ ਆਦਮ ਤੋਂ ਲੈ ਕੇ ਤਾਰਹ ਤੱਕ ਸਾਰੇ ਪੁਰਖਾਂ ਦੀਆਂ ਤੀਵੀਆਂ ਦੇ ਨਾਵਾਂ ਦੀ ਖੋਜ ਕੀਤੀ ਸੀ। ਉਸ ਨੇ ਪੁਰਖਾਂ ਦੇ ਬਾਰੇ ਕਹਾਣੀਆਂ ਬਣਾਈਆਂ ਸਨ। ਉਸ ਨੇ ਦਾਅਵਾ ਕੀਤਾ ਸੀ ਕਿ ਇਬਰਾਨੀ ਸੁਰਗੀ ਭਾਸ਼ਾ ਹੈ ਅਤੇ ਇਹ ਕਿ ਮਨੁੱਖ ਅਤੇ ਜੰਗਲੀ ਜਾਨਵਰ ਦੋਵੇਂ ਅਦਨ ਦੇ ਬਾਗ ਵਿਚ ਇਬਰਾਨੀ ਬੋਲਦੇ ਸਨ, ਪਰ ਇਸ ਭਾਸ਼ਾ ਨੂੰ ਤਦ ਤੱਕ ਭੁਲਾ ਦਿੱਤਾ ਗਿਆ ਸੀ ਜਦੋਂ ਤੱਕ ਸੁਰਗਦੂਤਾਂ ਨੇ ਇਹ ਭਾਸ਼ਾ

ਅਬਰਾਹਾਮ ਨੂੰ ਨਹੀਂ ਸੀ ਸਿਖਾਈ। ਇਸ ਪੁਸਤਕ ਵਿਚ ਹੋ ਵੀ ਪੁਰਾਣਕ ਕਹਾਣੀਆਂ ਹਨ: ਇਹ ਦੱਸਦੀ ਹੈ ਕਿ ਮਹਾਂਦੂਤ ਸਬਤ ਨੂੰ ਮੰਨਦੇ ਸਨ, ਦੂਤ ਸੁੰਨਤ ਨੂੰ ਮੰਨਦੇ ਸਨ ਅਤੇ ਯਾਕੂਬ ਨੇ ਕਦੇ ਕਿਸੇ ਨੂੰ ਧੋਖਾ ਨਹੀਂ ਸੀ ਦਿੱਤਾ।[43]

ਇਸ ਕਿਸਮ ਦੀ ਕਾਲਪਨਿਕ ਰਚਨਾ ਦੇ ਲਈ ਪ੍ਰੇਰਣਾਵਾਂ ਵਿਚ ਸ਼ਾਇਦ ਇਹ ਕੁਝ ਗੱਲਾਂ ਸ਼ਾਮਲ ਸਨ: (1) ਇਹ ਪ੍ਰਮਾਣਿਤ ਕਰਨਾ ਕਿ ਯਹੂਦੀ ਧਾਰਮਿਕ ਰਸਮਾਂ ਦਾ ਹਮੇਸ਼ਾ ਪਾਲਣ ਕੀਤਾ ਜਾਂਦਾ ਸੀ, ਸਗੋਂ ਉਤਪਤ ਤੋਂ ਲੈ ਕੇ ਅਤੇ (2) ਅਨੁਕੂਲ ਚਾਨਣ ਵਿਚ ਯਹੂਦੀ ਪੁਰਖਾਂ ਨੂੰ ਪੇਸ਼ ਕਰਨਾ ਅਤੇ ਇਸ ਤਰ੍ਹਾਂ ਕਰਕੇ ਇਹ ਇਸ਼ਾਰਾ ਕਰਨਾ ਹੈ ਕਿ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਉਨ੍ਹਾਂ ਦੀ ਯੋਗਤਾ ਦੇ ਕਾਰਣ ਉਸ ਦੀ ਖਾਸ ਪਰਜਾ ਹੋਣ ਦੇ ਲਈ ਚੁਣਿਆ। ਬਾਈਬਲ ਦੀ ਲਿਖਤ ਸੰਬੰਧੀ, ਇਸ ਕਿਸਮ ਦੀ ਸਮੱਗਰੀ ਦੇ ਲੇਖਕ *ਟੀਕੇ* ਦੀ ਬਜਾਇ ਉਨ੍ਹਾਂ ਦੇ *ਆਪਣੇ ਵਿਚਾਰਾਂ ਨੂੰ ਵਰਤਦਿਆਂ ਲਿਖਤ ਦੀ ਨਿੱਜੀ ਵਿਆਖਿਆ* ਵਿਚ ਸ਼ਾਮਲ ਸਨ। *ਆਪਣੇ ਵਿਚਾਰਾਂ ਨੂੰ ਵਰਤਦਿਆਂ ਲਿਖਤ ਦੀ ਨਿੱਜੀ ਵਿਆਖਿਆ* ਦਾ ਅਰਥ ਹੈ ਆਪਣੇ ਵਿਚਾਰਾਂ ਨਾਲ ਲਿਖਤ ਦੇ ਉਨ੍ਹਾਂ ਸ਼ਬਦਾਂ ਦਾ ਅਰਥ ਲੱਭਣਾ ਜੋ ਸਪੱਸ਼ਟ ਨਹੀਂ ਹਨ, ਜਦ ਕਿ ਟੀਕੇ ਦਾ ਅਰਥ ਹੈ ਲਿਖਤ *ਵਿੱਚੋਂ* ਪਰਮੇਸ਼ੁਰ ਦਾ ਸੰਦੇਸ਼ ਕੱਢਣਾ।

ਸ਼ਾਇਦ ਕੋਈ ਇਹ ਜਵਾਬ ਦੇ ਸਕਦਾ ਹੈ, "ਪਰ ਏਹ ਕਹਾਣੀਆਂ ਅਤੇ ਕੁਲਪੱਤ੍ਰੀਆਂ ਦਾ ਪੁਰਾਣੇ ਨੇਮ ਨਾਲ ਕੀ ਸੰਬੰਧ ਸੀ। ਮਸੀਹੀ ਲੋਕ ਮਸੀਹ ਦੇ ਨਵੇਂ ਨੇਮ ਦਾ ਹਿੱਸਾ ਹਨ। ਯਹੂਦੀ ਕਹਾਣੀਆਂ ਅਤੇ ਕੁਲਪੱਤ੍ਰੀਆਂ ਅਫ਼ਸੁਸ ਵਰਗੀ ਮੰਡਲੀ ਨੂੰ ਕਿਵੇਂ ਪ੍ਰਭਾਵਿਤ ਕਰਨਗੀਆਂ?" ਉਸ ਸਮੇਂ, ਜ਼ਿਆਦਾਤਰ ਮਸੀਹੀ ਲੋਕਾਂ ਦੇ ਲਈ ਜੋ ਵਚਨ ਉਪਲਬਧ ਸੀ ਉਹ ਸੀ ਪੁਰਾਣੇ ਨੇਮ ਦੀਆਂ ਪੁਸਤਕਾਂ। (ਥੋੜ੍ਹੇ ਹੀ ਸਮੇਂ ਦੇ ਬਾਅਦ ਨਵੇਂ ਨੇਮ ਦੀਆਂ ਸਾਰੀਆਂ ਪੁਸਤਕਾਂ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖੀਆਂ ਗਈਆਂ ਸਨ, ਨਕਲ ਕੀਤੀਆਂ ਗਈਆਂ ਸਨ, ਵੰਡੀਆਂ ਗਈਆਂ ਅਤੇ ਅੰਤ ਵਿਚ ਇਕੱਠੀਆਂ ਕੀਤੀਆਂ ਗਈਆਂ ਸਨ।) ਇਸ ਲਈ, ਪ੍ਰਭੂ ਦੀ ਕਲੀਸੀਆ ਵਿਚ ਜ਼ਿਆਦਾਤਰ ਸਿੱਖਿਆ ਪੁਰਾਣੇ ਨੇਮ ਦੇ ਹਵਾਲੇ ਜਾਂ ਕਹਾਣੀ ਨਾਲ ਸ਼ੁਰੂ ਹੁੰਦੀ ਸੀ। ਇਸ ਨੇ ਰੱਬੀ ਕਹਾਣੀਆਂ ਅਤੇ ਪ੍ਰਸਿੱਧ ਵਿਅਕਤੀਆਂ ਦੀ ਜਾਣ-ਪਛਾਣ ਕਰਾਉਣ ਦੇ ਲਈ ਇਕ ਸੰਪੂਰਣ ਸ਼ੁਰੂਆਤ ਦਿੱਤੀ ਸੀ।

ਕੋਈ ਹੋਰ ਇਹ ਪੁੱਛ ਸਕਦਾ ਹੈ, "ਪਰ ਹਾਨੀ ਕੀ ਹੋਵੇਗੀ? ਕਹਾਣੀਆਂ ਨਿਸ਼ਚਤ ਤੌਰ ਤੇ ਕਲਪਨਾ ਦੀ ਸਿਰਫ ਹਾਨੀਰਹਿਤ ਉਡਾਣ ਸੀ।" ਕਹਾਣੀਆਂ ਦੀ ਸਿੱਖਿਆ ਉਸ ਵੱਲ ਲੈ ਗਈ ਜਿਸ ਨੂੰ ਪੌਲੁਸ ਨੇ "ਬਕਵਾਸ" ਆਖਿਆ ਸੀ (1:6)। ਇਸ ਤੋਂ ਇਲਾਵਾ, ਕਹਾਣੀਆਂ ਪਰਮੇਸ਼ੁਰ ਦੇ ਵਚਨ ਦੇ ਲਈ ਨਿਰਾਦਰ ਵਿਖਾਉਂਦੀਆਂ ਸਨ। ਅਸਲ ਵਿਚ, ਜਿਨ੍ਹਾਂ ਨੇ ਇਹ ਕਹਾਣੀਆਂ ਬਣਾਈਆਂ ਸਨ ਇਹ ਐਲਾਨ ਕਰ ਰਹੇ ਸਨ ਕਿ ਪਰਮੇਸ਼ੁਰ ਦੀ ਪਰਗਟ ਕੀਤੀ ਹੋਈ ਇੱਛਾ ਕਾਫੀ ਨਹੀਂ ਸੀ[46] ਅਤੇ ਇਸ ਵਿਚ ਮਨੁੱਖੀ ਕਲਪਨਾਵਾਂ ਨੂੰ ਜੋੜਨ ਦੀ ਲੋੜ ਸੀ। ਇਸ ਤੋਂ ਵੀ ਇਲਾਵਾ, ਜੇ ਇਕ ਵਿਅਕਤੀ ਦੇ ਲਈ ਸੋਧ ਕਰਨਾ ਅਤੇ ਵਚਨ ਵਿਚ ਕੁਝ ਜੋੜਨਾ ਸਹੀ ਸੀ, ਤਾਂ ਇਹ ਕਿਸੇ ਦੇ ਲਈ ਵੀ ਕਰਨਾ ਸਹੀ ਹੋਵੇਗਾ;[47] ਤਾਂ ਫਿਰ ਵਚਨ ਦੀ ਅਪਵਿੱਤਰਤਾ ਨਾਸ ਹੋ ਜਾਵੇਗੀ। ਕਹਾਣੀਆਂ ਹੋਰ ਕੁਝ ਨਹੀਂ ਪਰ ਹਾਨੀਕਾਰਕ ਸਨ।

*ਹੋਰ ਤੱਤ।* ਜਦ ਕਿ ਅਫ਼ਸੁਸ ਵਿਚ ਝੂਠੀ ਸਿੱਖਿਆ ਦਾ ਇਕ ਮਜ਼ਬੂਤ ਯਹੂਦੀ ਅੰਗ ਸੀ, ਹੋਰ ਤੱਤ ਵੀ ਮੌਜੂਦ ਸਨ। ਜਦੋਂ ਪੌਲੁਸ ਨੇ ਤਿਮੋਥਿਉਸ ਨੂੰ ਨਿਹਚਾ ਤੋਂ ਫਿਰਨ ਬਾਰੇ ਚਿਤਾਵਨੀ ਦਿੱਤੀ (4:1-5; 2 ਤਿਮੋਥਿਉਸ 3:1-5), ਉਸ ਦਾ ਅਰਥ ਇਹ ਸੀ ਕਿ ਕੁਝ ਲੋਕ ਪਹਿਲਾਂ ਤੋਂ ਹੀ ਝੂਠੀਆਂ ਸਿੱਖਿਆਵਾਂ ਦਾ ਪਰਚਾਰ ਕਰ ਰਹੇ ਸਨ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਸੀ (2 ਤਿਮੋਥਿਉਸ 3:5, 6)। ਉਹ ਨੂੰ ਧਿਆਨ ਵਿਚ ਰੱਖਦੇ ਹੋਏ, ਆਓ ਅਸੀਂ ਸਿੱਖਿਆਤਮਕ ਗਲਤੀਆਂ ਵਿੱਚੋਂ ਇਕ ਤੇ ਵਿਚਾਰ ਕਰੀਏ ਜਿਨ੍ਹਾਂ ਦਾ ਜ਼ਿਕਰ 1 ਤਿਮੋਥਿਉਸ 4:3 ਵਿਚ ਕੀਤਾ ਗਿਆ ਹੈ: ਵਿਆਹ ਤੋਂ

ਵਰਜਣਾ। ਉਹ ਜਿਹੜੇ ਪੁਰਾਣੇ ਨੇਮ ਦੀ ਸ਼ਰਾ ਦੀ ਪਾਲਣਾ ਕਰਦੇ ਹਨ ਕਦੇ ਵੀ ਉਸ ਸਿੱਖਿਆ ਦਾ ਪੱਖ ਨਹੀਂ ਪੂਰਨਗੇ (ਉਤਪਤ 1:27, 28; 2:24)। ਫੇਰ, 2 ਤਿਮੋਥਿਉਸ 2:18 ਵਿਚ, ਪੌਲੁਸ ਨੇ ਝੂਠੇ ਉਪਦੇਸ਼ਕਾਂ ਦੀ ਗੱਲ ਕੀਤੀ ਸੀ ਜਿਹੜੇ "ਇਹ ਕਹਿ ਕੇ ਭਈ ਕਿਆਮਤ ਹੋ ਚੁੱਕੀ ਹੈ [ਸੀ] ਸਚਿਆਈ ਦੇ ਰਾਹੋਂ ਖੁੰਝ ਗਏ।" ਯਹੂਦੀ ਸ਼ਰਾ ਦੇ ਪੱਕੇ ਪੈਰੋਕਾਰ (ਜਿਵੇਂ ਕਿ ਫ਼ਰੀਸੀ ਲੋਕ) ਸਰੀਰ ਦੇ ਜੀ ਉੱਠਣ (ਕਿਆਮਤ) ਵਿਚ ਪੱਕਾ ਵਿਸ਼ਵਾਸ ਕਰਦੇ ਸਨ (ਰਸੂਲਾਂ ਦੇ ਕਰਤੱਬ 23:8)। ਫਿਰ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਗਲਤੀ ਦਾ ਕਿਹੜਾ ਸ੍ਰੋਤ ਵਿਆਹ ਲਈ ਵਰਜੇਗਾ ਅਤੇ ਸਰੀਰ ਦੇ ਜੀ ਉੱਠਣ ਦਾ ਇਨਕਾਰ ਕਰੇਗਾ?

ਇਕ ਸੰਭਾਵਿਤ ਸ੍ਰੋਤ "ਪੂਰਵ-ਗਿਆਨਵਾਦ" ਸੀ। ਗਿਆਨਵਾਦ "ਕਲੀਸੀਆ ਦੀਆਂ ਪਹਿਲੀਆਂ ਦੋ ਸਦੀਆਂ ਦੇ ਸਭ ਤੋਂ ਖ਼ਤਰਨਾਕ ਪਖੰਡਾਂ ਵਿੱਚੋਂ ਇਕ ਸੀ।"[48] "ਗਿਆਨਵਾਦ" ਸ਼ਬਦ "ਗਿਆਨ": γνῶσις *(ਨੋਸਿਸ)* ਦੇ ਲਈ ਵਰਤੇ ਜਾਣ ਵਾਲੇ ਯੂਨਾਨੀ ਸ਼ਬਦ ਤੋਂ ਲਿਆ ਗਿਆ ਹੈ। *ਨੋਸਿਸ* ਦਾ ਅਨੁਵਾਦ 1 ਤਿਮੋਥਿਉਸ ਦੇ ਅੰਤ ਦੇ ਨੇੜੇ "ਗਿਆਨ" ਕੀਤਾ ਗਿਆ ਹੈ: "ਹੇ ਤਿਮੋਥਿਉਸ, ਉਸ ਅਮਾਨਤ ਦੀ ਰਖਵਾਲੀ ਕਰ ਜਿਹੜਾ ਝੂਠ ਮੂਠ 'ਗਿਆਨ' ਕਹਾਉਂਦਾ ਹੈ ... ਵੱਲੋਂ ਮੂੰਹ ਭੁਆ ਲੈ" (6:20)। ਗਿਆਨਵਾਦੀ ਦਾਅਵਾ ਕਰਦੇ ਸਨ ਕਿ ਉਨ੍ਹਾਂ ਕੋਲ ਉਹ "ਗਿਆਨ" ਹੈ ਜੋ ਦੂਜਿਆਂ ਕੋਲ ਨਹੀਂ ਸੀ। ਸ਼ਾਇਦ ਪੌਲੁਸ ਨੂੰ ਗਿਆਨਵਾਦ ਦੇ ਮੁਢਲੇ ਰੂਪ ਦੇ ਬਾਰੇ ਚਿੰਤਾ ਸੀ ਜਦੋਂ ਉਸ ਨੇ ਕੁਲੁੱਸੈ ਸ਼ਹਿਰ ਦੇ ਮਸੀਹੀ ਲੋਕਾਂ ਨੂੰ ਜੋ ਅਫ਼ਸੁਸ ਤੋਂ ਜ਼ਿਆਦਾ ਦੂਰ ਨਹੀਂ ਸੀ (ਲਗਭਗ 120 ਮੀਲ ਦੂਰ) ਉਸ ਦਾ ਪੱਤਰ ਲਿਖਿਆ (ਕੁਲੁੱਸੀਆਂ 2:8, 18-23)। ਬਾਅਦ ਵਿਚ, ਸ਼ਾਇਦ ਅਫ਼ਸੁਸ ਵਿਚ ਰਹਿੰਦਿਆਂ, ਯੂਹੰਨਾ ਨੇ ਪਹਿਲੀ ਸਦੀ ਦੀਆਂ ਸਭ ਤੋਂ ਵੱਧ ਧੋਖੇਬਾਜ਼ ਗਲਤੀਆਂ ਵਿੱਚੋਂ ਇਕ ਨੂੰ ਸੰਬੋਧਿਤ ਕੀਤਾ: ਇਹ ਦਾਅਵਾ ਕਿ ਮਸੀਹ ਦੇਹ ਵਿਚ ਨਹੀਂ ਸੀ ਆਇਆ (1 ਯੂਹੰਨਾ 4:1-3; 2 ਯੂਹੰਨਾ 7; ਵੇਖੋ ਯੂਹੰਨਾ 1:14), ਜਿਹੜਾ ਕਿ ਗਿਆਨਵਾਦ ਦੀ ਸ਼ੁਰੂਆਤ ਦਾ ਇਕ ਹਿੱਸਾ ਰਿਹਾ ਹੋਵੇਗਾ।

ਗਿਆਨਵਾਦੀ ਦੀ ਸਿੱਖਿਆ ਅਨੁਸਾਰ, ਮਸੀਹ ਸਰੀਰ ਵਿਚ ਨਹੀਂ ਆਇਆ ਹੋਵੇਗਾ ਕਿਉਂਕਿ ਪਦਾਰਥ (ਜਿਸ ਵਿਚ ਸਰੀਰ ਵੀ ਸ਼ਾਮਲ ਹੈ) ਅਸਲ ਵਿਚ ਬੁਰਾ ਹੈ, ਇਕ ਧਾਰਣਾ ਜੋ ਕਿ ਯੂਨਾਨੀ ਫਿਲਾਸਫੀ ਤੋਂ ਲਈ ਗਈ ਹੈ। ਇਸ ਗਲਤ ਧਾਰਣਾ ਦੇ ਨਤੀਜਿਆਂ ਵਿਚ ਸੰਨਿਆਸੀਪਣ ਦਾ ਇਕ ਰੂਪ ਸੀ। ਸੰਨਿਆਸੀ ਕਹਿੰਦੇ ਸਨ ਕਿ ਸਰੀਰ ਬੁਰਾ ਹੈ ਅਤੇ ਇਸ ਲਈ ਕਿਸੇ ਵੀ ਅਜਿਹੀ ਚੀਜ਼ ਦਾ ਇਨਕਾਰ ਕਰਨਾ ਚਾਹੀਦਾ ਹੈ ਜੋ ਅਨੰਦਦਾਇਕ ਹੈ। ਇਸ ਲਈ, ਦੂਜੀ ਸਦੀ ਵਿਚ, ਗਿਆਨਵਾਦ ਦੇ ਇਕ ਮੁਖ ਸਮਰਥਕ ਨੇ ਲੋਕਾਂ ਨੂੰ ਵਿਆਹ ਕਰਵਾਉਣ ਅਤੇ ਬੱਚੇ ਕਰਨ ਤੋਂ ਰੋਕਿਆ ਸੀ।[49] ਉਸ ਨੇ ਅਤੇ ਦੂਜਿਆਂ ਨੇ ਇਹ ਸਿੱਖਿਆ ਦਿੱਤੀ ਸੀ ਕਿ, ਕਿਉਂਕਿ ਸਰੀਰ ਬੁਰਾ ਹੈ (ਇਸ ਸਿੱਖਿਆ ਦੇ ਅਨੁਸਾਰ) ਸਰੀਰ ਦਾ ਜੀ ਉੱਠਣਾ (ਕਿਆਮਤ) ਅਸੰਭਵ ਹੈ। ਉਹ ਸਿਰਫ ਆਤਮਿਕ ਜੀ ਉੱਠਣ (ਕਿਆਮਤ) ਵਿਚ ਵਿਸ਼ਵਾਸ ਕਰਦੇ ਸਨ:[50] ਆਤਮਿਕ ਜੀ ਉੱਠਣ (ਕਿਆਮਤ) ਜਿਸ ਦੇ ਹਰ ਇਕ ਮਸੀਹੀ ਵਿਅਕਤੀ ਨੇ ਬੀਤੇ ਸਮੇਂ ਵਿਚ ਅਨੁਭਵ ਕੀਤਾ ਸੀ, ਜਦੋਂ ਪਾਣੀ ਦਾ ਬਪਤਿਸਮਾ ਲੈ ਕੇ ਨਵੇਂ ਜੀਵਨ ਦੇ ਰਾਹ ਤੇ ਚੱਲਣ ਦੇ ਲਈ ਜਿਵਾਲੇ ਗਏ ਸਨ (ਰੋਮੀਆਂ 6:3-6)। (*ਵਧੇਰੇ ਅਧਿਐਨ ਲਈ: ਗਿਆਨਵਾਦ ਦਾ ਮੁਢਲਾ ਰੂਪ* ਨਾਂ ਦੀ ਪੁਸਤਕ ਦੇ ਸਫ਼ੇ 21-22 ਵੇਖੋ।)

ਪ੍ਰਾਚੀਨ ਰਹੱਸਵਾਦ ਸ਼ਾਇਦ ਅਫ਼ਸੁਸ ਵਿਚ ਵੀ ਸਿੱਖਿਆਤਮਕ ਮਿਸ਼ਰਣ ਦਾ ਹਿੱਸਾ ਸੀ, ਕਿਉਂਕਿ ਇਹ ਪ੍ਰਾਚੀਨ ਸੰਸਾਰ ਦੇ ਰਹੱਸਵਾਦ ਕੇਂਦਰਾਂ ਵਿੱਚੋਂ ਇਕ ਸੀ। "ਸਾਰੇ ਪ੍ਰਾਚੀਨ ਯੂਨਾਨੀ-ਰੋਮੀ ਸ਼ਹਿਰਾਂ ਵਿੱਚੋਂ, ਅਫ਼ਸੁਸ ... ਹਰ ਤਰ੍ਹਾਂ ਦੇ ਜਾਦੂਗਰਾਂ, ਟੇਵੇ-ਟੋਟਕੇ ਕਰਨ ਵਾਲਿਆਂ ਅਤਟ ਨੀਮ-ਹਕੀਮਾਂ ਦੇ ਪ੍ਰਤੀ ਬਹੁਤ ਜ਼ਿਆਦਾ ਪ੍ਰਾਹੁਣਚਾਰ ਸੀ।"[51] "ਰਹੱਸਵਾਦ" ਦਾ ਅਰਥ ਹੈ "ਗੁਪਤ"

ਅਤੇ ਗੁੱਝੇ ਜਾਂ ਗੁਪਤ ਭੇਤਾਂ ਜਾਂ ਗਿਆਨ ਵੱਲ ਸੰਕੇਤ ਕਰਦਾ ਹੈ। ਅਫ਼ਸੁਸ ਵਿਚ ਜੋ ਲੋਕ ਸਨ ਉਨ੍ਹਾਂ ਦੇ ਮਨਾਂ ਨੂੰ "ਗੁੱਝੇ ਗਿਆਨ" ਦੀ ਧਾਰਣਾ ਨੂੰ ਸਵੀਕਾਰ ਕਰਨ ਦੇ ਲਈ ਪਹਿਲਾਂ ਤੋਂ ਹੀ ਅਨੁਕੂਲ ਬਣਾਇਆ ਗਿਆ ਸੀ।

1 ਅਤੇ 2 ਤਿਮੋਥਿਉਸ ਅਤੇ ਤੀਤੁਸ ਵਿਚ ਜੋ ਸਾਨੂੰ ਸੰਕੇਤ ਮਿਲਦੇ ਹਨ ਉਨ੍ਹਾਂ ਨੂੰ ਲੈ ਕੇ, ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਯਹੂਦੀ ਪਿਛੋਕੜ ਵਾਲੇ ਮਸੀਹੀ ਲੋਕਾਂ ਨੇ ਉਨ੍ਹਾਂ ਦੀ ਆਪਣੀ ਵੱਖ-ਵੱਖ ਤਰ੍ਹਾਂ ਦੀ "ਮਸੀਹੀ" ਸਿੱਖਿਆ ਨੂੰ ਤਿਆਰ ਕਰਨ ਦੇ ਲਈ ਇਸ ਦੇ ਵਿਚ ਥੋੜ੍ਹੀ ਬਹੁਤ ਯੂਨਾਨੀ ਫਿਲਾਸਫੀ ਅਤੇ ਪ੍ਰਾਚੀਨ ਰਹੱਸਵਾਦ ਨੂੰ ਇਸ ਦੇ ਨਾਲ ਜੋੜਿਆ ਸੀ। ਇਸ ਨੂੰ ਉਨ੍ਹਾਂ ਨੇ "ਗਿਆਨ" ਦੇ ਰੂਪ ਵਿਚ ਪੇਸ਼ ਕੀਤਾ ਸੀ ਜੋ ਸਿਰਫ ਉਨ੍ਹਾਂ ਦੇ ਲਈ ਅਤੇ ਉਨ੍ਹਾਂ ਦੇ ਚੇਲਿਆਂ ਦੇ ਲਈ ਉਪਲਬਧ ਸੀ।

ਉਨ੍ਹਾਂ ਦੀ ਸਿੱਖਿਆ ਭਾਵੇਂ ਕਿਸ ਤਰ੍ਹਾਂ ਦੀ ਵੀ ਰਹੀ ਹੋਵੇ, ਅਫ਼ਸੁਸ ਦੀ ਕਲੀਸੀਆ ਵਿਚ ਝੂਠੇ ਉਪਦੇਸ਼ਕ ਹੰਕਾਰੀ ਸਨ। ਅਸਲ ਵਿਚ, ਉਨ੍ਹਾਂ ਨੇ ਆਖਿਆ ਸੀ, "ਗਿਆਨ ਸਭ ਤੋਂ ਜ਼ਰੂਰੀ ਹੈ। ਸਾਡੇ ਕੋਲ ਉਹ ਗਿਆਨ ਹੈ ਜੋ ਪੌਲੁਸ ਦੇ ਕੋਲ ਨਹੀਂ ਹੈ। ਇਹ ਗਿਆਨ ਕੁਝ ਗਿਣੇ ਚੁਣੇ ਲੋਕਾਂ ਦੇ ਲਈ ਹੈ – ਅਤੇ ਤੁਹਾਨੂੰ ਇਸ ਗਿਆਨ ਦੇ ਲਈ ਸਾਡੇ ਕੋਲ ਆਉਣਾ ਚਾਹੀਦਾ ਹੈ।" ਪੌਲੁਸ ਨੇ ਉਨ੍ਹਾਂ ਨੂੰ "ਹੰਕਾਰੀ" ਕਿਹਾ ਸੀ (6:4) ਅਤੇ ਉਨ੍ਹਾਂ ਦੀ ਸਿੱਖਿਆ ਨੂੰ ਉਹ ਨਾਂ ਦਿੱਤਾ ਸੀ ਜਿਹੜਾ "*ਝੂਠ ਮੂਠ* 'ਗਿਆਨ' ਕਹਾਉਂਦਾ" ਸੀ (6:20; ਜ਼ੋਰ ਦਿੱਤਾ ਗਿਆ ਹੈ)।

ਪੌਲੁਸ ਦੇ ਲਈ ਇਹ ਜ਼ਰੂਰੀ ਨਹੀਂ ਸੀ ਕਿ ਉਹ ਉਸ ਦੇ ਸੰਬੰਧ ਵਿਚ ਵਿਸ਼ੇਸ਼ ਕਰਕੇ ਦੱਸੇ ਜੋ ਅਫ਼ਸੁਸ ਵਿਚ "ਖਰੀ ਸਿੱਖਿਆ ਨਹੀਂ ਸੀ।" ਉਹ ਜਾਣਦਾ ਸੀ ਕਿ ਇਹ ਕੀ ਹੈ, ਤਿਮੋਥਿਉਸ ਜਾਣਦਾ ਸੀ ਕਿ ਇਹ ਕੀ ਹੈ ਅਤੇ ਅਫ਼ਸੁਸ ਵਿਚ ਵਫ਼ਾਦਾਰ ਕਲੀਸੀਆ ਜਾਣਦੀ ਸੀ ਕਿ ਇਹ ਕੀ ਹੈ। ਅਸੀਂ ਨਹੀਂ ਜਾਣਦੇ, ਪਰ ਇਹ ਅੱਜ ਦੇ ਸਮੇਂ ਵਿਚ ਝੂਠੀ ਸਿੱਖਿਆ ਸੰਬੰਧੀ ਪ੍ਰਾਸੰਗਿਕਤਾ ਬਣਾਉਣ ਨੂੰ ਅਸਾਨ ਬਣਾਉਂਦਾ ਹੈ:

- ਕੋਈ ਵੀ ਸਿੱਖਿਆ ਜੋ ਵਚਨ ਨਾਲ ਆਪਣੇ ਕੋਲੋਂ ਜੋੜੀ ਜਾਂਦੀ ਹੈ – ਜਿਵੇਂ ਕਿ "ਕਹਾਣੀਆਂ" ਸਨ (1:4) – ਖਰੀ ਸਿੱਖਿਆ ਨਹੀਂ ਹੈ।
- ਕੋਈ ਵੀ ਸਿੱਖਿਆ ਜੋ ਪਰਮੇਸ਼ੁਰ ਦੇ ਵਚਨ ਵਿੱਚੋਂ ਹਟਾ ਦਿੱਤੀ ਜਾਂਦੀ ਹੈ ਜਿਵੇਂ ਕਿ ਇਹ ਸਿੱਖਿਆ ਦਿੱਤੀ ਗਈ ਸੀ ਕਿ "ਕਿਆਮਤ" ਹੋ ਚੁੱਕੀ ਹੈ (2 ਤਿਮੋਥਿਉਸ 2:18) – ਖਰੀ ਸਿੱਖਿਆ ਨਹੀਂ ਹੈ।
- ਕੋਈ ਵੀ ਸਿੱਖਿਆ ਜੋ ਸਾਡੀ ਮੁਕਤੀ ਦੇ ਲਈ ਪਰਮੇਸ਼ੁਰ ਦੀ ਯੋਜਨਾ ਵੱਲੋਂ ਸਾਡਾ ਧਿਆਨ ਭਟਕਾਉਂਦੀ ਹੈ (1:4, 15) – ਜਿਵੇਂ ਕਿ 1:3 ਵਿਚ "ਹੋਰ ਤਰਾਂ ਦੀ ਸਿੱਖਿਆ" ਨੇ ਭਟਕਾਇਆ ਸੀ – ਖਰੀ ਸਿੱਖਿਆ ਨਹੀਂ ਹੈ।
- ਕੋਈ ਵੀ ਸਿੱਖਿਆ ਜਿਸ ਦੇ ਨਤੀਜੇ ਵਜੋਂ "ਖਾਰ, ਝਗੜਾ, ਕੁਫ਼ਰ, ਬਦਗੁਮਾਨੀਆਂ ਅਤੇ ਟੰਟੇ" ਪੈਦਾ ਹੁੰਦੇ ਹਨ (6:4, 5) – ਜਿਵੇਂ ਕਿ 1:3 ਵਿਚ "ਹੋਰ ਤਰਾਂ ਦੀ ਸਿੱਖਿਆ" ਨੇ ਕੀਤਾ ਸੀ – ਖਰੀ ਸਿੱਖਿਆ ਨਹੀਂ ਹੈ।

ਪੌਲੁਸ ਅਜਿਹੀ ਸਿੱਖਿਆ ਦੀ ਪੁਕਾਰ ਨੂੰ ਸਮਝ ਗਿਆ ਸੀ। ਬਹੁਤ ਸਾਰੇ ਲੋਕਾਂ ਦੇ "ਕੰਨਾਂ ਵਿਚ ਜਲੂਨ ਹੁੰਦੀ ਸੀ" (2 ਤਿਮੋਥਿਉਸ 4:3), ਜਿਹੜੇ ਜੋ *ਸੱਚ* ਹੈ ਉਸ ਨਾਲੋਂ ਵੱਧ ਕਿ *ਨਵਾਂ* ਕੀ ਹੈ ਉਸ ਦੇ ਬਾਰੇ ਜ਼ਿਆਦਾ ਚਿੰਤਤ ਸਨ। ਉਸ ਨੇ ਤਿਮੋਥਿਉਸ ਨੂੰ ਉਸ ਸੱਚਾਈ ਦੀ ਜੋ ਉਸ ਨੂੰ ਸੌਂਪੀ ਗਈ ਸੀ ਰਖਵਾਲੀ ਕਰਨ (6:20), "ਬਚਨ ਦਾ ਪਰਚਾਰ ਕਰਨ" (2 ਤਿਮੋਥਿਉਸ 4:2)

ਅਤੇ ਝੂਠੇ ਉਪਦੇਸ਼ਕਾਂ ਨੂੰ "ਹੋਰ ਤਰਾਂ ਦੀ ਸਿੱਖਿਆ ਨਾ ਦੇਣ" ਦਾ ਹੁਕਮ ਦੇਣ (1 ਤਿਮੋਥਿਉਸ 1:3) ਦੀ ਬੇਨਤੀ ਕੀਤੀ ਸੀ। ਅੱਜ ਅਸੀਂ ਇਸ ਤੋਂ ਘੱਟ ਕਰਨ ਦੀ ਹਿੰਮਤ ਨਹੀਂ ਕਰਦੇ।

## ਵਧੇਰੇ ਅਧਿਐਨ ਲਈ: ਗਿਆਨਵਾਦ ਦਾ ਮੁਢਲਾ ਰੂਪ

"ਗਿਆਨਵਾਦ" ਕਈ ਫਿਲਾਸਫੀਕਲ ਪਖੰਡਾਂ ਨੂੰ ਢੱਕਣ ਦੇ ਲਈ ਵਰਤਿਆ ਗਿਆ ਇਕ ਸ਼ਬਦ ਹੈ ਜੋ ਦੂਜੀ ਅਤੇ ਤੀਜੀ ਸਦੀ ਵਿਚ ਕਲੀਸੀਆ ਵਿਚ ਬਹੁਤ ਜ਼ਿਆਦਾ ਫੈਲ ਗਿਆ ਸੀ। ਇਸ ਦਾ ਨਾਮ "ਗਿਆਨ": γνῶσις *(ਨੋਸਿਸ)* ਲਈ ਵਰਤੇ ਜਾਣ ਵਾਲੇ ਸ਼ਬਦ ਵਿੱਚੋਂ ਨਿੱਕਲਿਆ ਹੈ। ਇਸ ਦੀ ਮੁਢਲਾ ਆਕਰਸ਼ਣ ਉਨ੍ਹਾਂ ਦੇ ਲਈ ਸੀ ਜਿਹੜੇ ਆਪਣੇ ਆਪ ਨੂੰ ਗਿਆਨਵਾਨ ਸਮਝਦੇ ਸਨ। ਨਿਹਚਾ ਨਾਲ ਚੀਜ਼ਾਂ ਨੂੰ ਸਵੀਕਾਰ ਕਰਨ ਦੇ ਅਣਇੱਛੁਕ, ਉਨ੍ਹਾਂ ਨੇ ਤਰਕ ਅਤੇ ਕਲਪਨਾ ਨੂੰ ਉੱਚਿਆਂ ਕੀਤਾ। ਗਿਆਨਵਾਦੀ ਉੱਚ ਵਰਗ, ਬੁੱਧਵਾਨ ਫਿਲਾਸਫਰ ਹੋਣ ਦਾ ਦਾਅਵਾ ਕਰਦੇ ਸਨ ਜਿਨ੍ਹਾਂ ਤੇ ਗੁੱਝਾ ਗਿਆਨ ਪਰਗਟ ਕੀਤਾ ਗਿਆ ਸੀ ਜਿਸ ਨੂੰ ਬਾਕੀ ਦੇ ਲੋਕ ਕਦੇ ਨਹੀਂ ਸੀ ਜਾਣ ਸਕਦੇ।

ਗਿਆਨਵਾਦੀ ਸੋਚ ਜੋ ਕਿ ਸ਼ਾਇਦ ਦੂਜੀ ਸਦੀ ਦੀ ਕਲੀਸੀਆ ਦੇ ਲਈ ਹੋਰ ਕਿਸੇ ਨਾਲੋਂ ਸਭ ਤੋਂ ਵੱਡਾ ਖ਼ਤਰਾ ਬਣੀ ਉਹ ਮਾਰਸੀਓਨਵਾਦ ਸੀ। ਮਾਰਸੀਓਨ ਨੇ ਲਗਭਗ 140 ਈਸਵੀ ਵਿਚ ਰੋਮ ਵਿਚ ਸਿੱਖਿਆ ਦੇਣੀ ਸ਼ੁਰੂ ਕੀਤੀ ਸੀ। ਉਸ ਨੂੰ ਆਖ਼ਰਕਾਰ "ਕਲੀਸੀਆ ਦੇ ਮੋਢੀਆਂ" ਦੁਆਰਾ ਸਮਾਜ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਉਹ ਅਸਿਯਾ ਮਾਈਨਰ ਵਿਚ ਪਰਤ ਗਿਆ ਸੀ, ਜਿੱਥੇ ਉਸ ਨੇ ਬਹੁਤ ਸਾਰੇ ਲੋਕਾਂ ਨੂੰ ਮੰਡਲੀਆਂ ਵਿਚ ਲਿਆਉਣਾ ਜਾਰੀ ਰੱਖਿਆ। ਅਸੀਂ ਮਾਰਸੀਓਨ ਦੀਆਂ ਸਿੱਖਿਆਵਾਂ ਬਾਰੇ ਮੁੱਖ ਰੂਪ ਵਿਚ ਤਰਤੁਲੀਅਨ ਦੁਆਰਾ ਲਿਖੇ ਪੰਜ-ਪੁਸਤਕ ਦੇ ਨਿਬੰਧ ਤੋਂ ਜਾਣਦੇ ਹਾਂ ਜਿਸ ਦਾ ਸਿਰਲੇਖ ਸੀ *ਅਗੇਂਸਟ ਮਾਰਸੀਓਨ*, ਜੋ 208 ਈਸਵੀ ਦੇ ਲਗਭਗ ਲਿਖੀ ਗਈ ਸੀ।

ਗਿਆਨਵਾਦੀ ਦੀ ਸੋਚ ਕੁਝ ਹੱਦ ਤੱਕ ਵੱਖਰੀ ਸੀ, ਪਰ ਮੂਲ ਧਾਰਣਾ ਇਹ ਸੀ ਕਿ ਆਤਮਾ ਪੂਰੀ ਤਰ੍ਹਾਂ ਚੰਗੀ ਹੈ ਜਦ ਕਿ ਪਦਾਰਥ ਪੂਰੀ ਤਰ੍ਹਾਂ ਬੁਰਾ ਸੀ। ਇਸ ਤੋੜੀ ਮਰੋੜੀ ਧਾਰਣਾ ਦਾ ਨਤੀਜਾ ਦੋ ਵਿਰੋਧੀ ਦ੍ਰਿਸ਼ਟੀਕੋਣ ਸਨ ਕਿ ਸਰੀਰ ਨਾਲ ਕਿਵੇਂ ਦਾ ਵਿਹਾਰ ਕਰਨਾ ਹੈ। ਇਕ ਗੈਰ-ਕੁਦਰਤੀ ਸੰਨਿਆਸੀਪਣ ਸੀ: ਸਰੀਰ ਦੇ ਲਈ ਹਰੇਕ ਚੀਜ਼ ਜਾਂ ਕਿਸੇ ਵੀ ਚੀਜ਼ ਦਾ ਜੋ ਅਨੰਦਦਾਇਕ ਹੈ ਇਨਕਾਰ ਕਰਨ ਦਾ ਸੰਕਲਪ, ਸ਼ਾਇਦ ਸਰੀਰ ਨੂੰ ਤਸੀਹੇ ਵੀ ਦੇਣਾ। ਦੂਜਾ ਦ੍ਰਿਸ਼ਟੀਕੋਣ ਇਸ ਸੋਚ ਤੇ ਅਧਾਰਿਤ ਹੈਰਾਨ ਕਰ ਦੇਣ ਵਾਲੀ ਵਿਲਾਸਤਾ ਸੀ: "ਰੂਹ ਨੂੰ ਆਤਮਿਕ ਵਿਚਾਰਾਂ ਦੇ ਖੰਭਾਂ ਉੱਤੇ ਉੱਡਣ ਦਿਓ, ਜਦ ਕਿ ਸਰੀਰ ਨੂੰ ਇਸ ਦੀਆਂ ਜਿਸਮਾਨੀ ਇੱਛਾਵਾਂ ਵਿਚ।"

ਇਸ ਧਾਰਣਾ ਦੇ ਸਭ ਤੋਂ ਭਿਆਣਕ ਸਿੱਟਿਆਂ ਵਿੱਚੋਂ ਇਕ ਸਿੱਟਾ ਇਹ ਹੈ ਕਿ ਪਦਾਰਥ ਪੂਰੀ ਤਰ੍ਹਾਂ ਬੁਰਾ ਹੈ ਇਹ ਇਲਜਾਮ ਸੀ ਕਿ ਮਸੀਹ ਸਰੀਰ ਵਿਚ ਨਹੀਂ ਸੀ ਆਇਆ ਅਤੇ ਨਾ ਹੀ ਆ ਸਕਦਾ ਸੀ। ਕੁਝ ਗਿਆਨਵਾਦੀਆਂ ਨੇ ਇਹ ਸਿੱਖਿਆ ਦਿੱਤੀ ਸੀ ਮਸੀਹ ਦਾ ਸਰੀਰ ਸਿਰਫ ਭਰਮ (ਡੋਕਸੀਵਾਦ) ਸੀ ਜਦ ਕਿ ਦੂਜਿਆਂ ਨੇ ਇਹ ਸਿੱਖਿਆ ਦਿੱਤੀ ਸੀ ਕਿ ਉਹ ਉਸ ਦੇ ਬਪਤਿਸਮੇ ਦੇ ਸਮੇਂ ਯਿਸੂ ਦੇ ਸਰੀਰ ਵਿਚ ਜਿਸਮਾਨੀ ਤੌਰ ਤੇ ਦਾਖਲ ਹੋਇਆ ਸੀ ਅਤੇ ਉਸ ਦੀ ਮੌਤ ਤੋਂ ਪਹਿਲਾਂ ਉਸ ਨੂੰ ਛੱਡ ਗਿਆ ਸੀ। ਬਾਅਦ ਵਾਲੀ ਗੱਲ ਦਾ ਯੂਹੰਨਾ 1:14; 1 ਯੂਹੰਨਾ 4:2 ਅਤੇ 2 ਯੂਹੰਨਾ 7 ਵਿਚ ਯੂਹੰਨਾ ਦੁਆਰਾ ਜ਼ਬਰਦਸਤ ਵਿਰੋਧ ਕੀਤਾ ਗਿਆ ਸੀ।

ਨਵੇਂ ਨੇਮ ਵਿਚ ਪਖੰਡ ਜਿਸ ਨੂੰ ਸੰਬੋਧਿਤ ਕੀਤਾ ਗਿਆ ਸੀ ਗਿਆਨਵਾਦ ਦਾ ਮੁਢਲਾ ਰੂਪ ਸੀ, ਨਾ ਕਿ ਦੂਜੀ ਅਤੇ ਤੀਜੀ ਸਦੀ ਦੀ ਵਿਸਤਾਰਪੂਰਵਕ ਢੰਗ ਨਾਲ ਕੀਤੀ ਗਈ ਵਿਕਸਤ ਪ੍ਰਣਾਲੀ। ਨਵੇਂ ਨੇਮ ਦੀਆਂ ਕੁਝ ਪੁਸਤਕਾਂ ਇਹ ਇਸ਼ਾਰਾ ਕਰਦੀਆਂ ਹਨ ਕਿ ਇਹ "ਪੂਰਵ-

ਗਿਆਨਵਾਦ" ਨੇ ਪਹਿਲਾਂ ਤੋਂ ਹੀ ਕੁਝ ਮਸੀਹੀ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਹੋਇਆ ਸੀ (ਉਦਾਹਰਣ ਦੇ ਲਈ, ਵੇਖੋ ਕੁਲੁੱਸੀਆਂ 2:21-23)। ਪਹਿਲਾ ਅਤੇ ਦੂਜਾ ਤਿਮੋਥਿਉਸ ਅਤੇ ਤੀਤੁਸ ਉਨ੍ਹਾਂ ਪੁਸਤਕਾਂ ਵਿਚ ਹਨ।

ਫਿਰ ਵੀ, ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਸੀਂ ਗਿਆਨਵਾਦ ਦੀ ਉਸ ਫਿਲਾਸਫੀ ਦੇ ਯੋਗਦਾਨ ਤੇ ਬਹੁਤਾ ਜ਼ੋਰ ਨਾ ਦੇਈਏ ਜੋ ਇਸ ਨੇ ਝੂਠੀ ਸਿੱਖਿਆ ਦੇ ਵਿੱਚ ਦਿੱਤਾ ਸੀ ਜਿਸ ਦਾ ਤਿਮੋਥਿਉਸ ਅਤੇ ਤੀਤੁਸ ਨੇ ਸਾਹਮਣਾ ਕੀਤਾ ਸੀ। ਕੁਝ ਇਹ ਜ਼ੋਰ ਦਿੰਦੇ ਹਨ ਕਿ 1 ਅਤੇ 2 ਤਿਮੋਥਿਉਸ ਅਤੇ ਤੀਤੁਸ ਦੀਆਂ ਪੱਤ੍ਰੀਆਂ ਦੂਜੀ ਸਦੀ ਵਿਚ ਵਿਸ਼ੇਸ਼ ਤੌਰ ਤੇ ਗਿਆਨਵਾਦ ਦਾ ਸਾਹਮਣਾ ਕਰਨ ਦੇ ਲਈ ਲਿਖੀਆਂ ਗਈਆਂ ਸਨ (ਕਿਉਂਕਿ ਇਸ ਦੇ ਨਾਲ ਪੌਲੁਸ ਦਾ ਨਾਮ ਜੁੜਿਆ ਹੋਇਆ ਹੈ ਇਹ ਇਨ੍ਹਾਂ ਦਸਤਾਵੇਜਾਂ ਨੂੰ ਜ਼ਿਆਦਾ ਇਖ਼ਤਿਆਰ ਦਿੰਦਾ ਹੈ)। ਉਦਾਹਰਣ ਦੇ ਲਈ, ਗਿਆਨਵਾਦੀਆਂ ਨੇ ਪਰਮੇਸ਼ੁਰ ਦੇ ਇਨਸਾਨ (ਜਿਸ ਨੂੰ ਉਤਪਤੀ, ਅਨੰਤ ਕਾਲ ਜਾਂ ਇਕ ਦੂਤ ਵਜੋਂ ਪਛਾਣਿਆ ਗਿਆ ਸੀ) ਨੂੰ ਰਚਨ ਬਾਰੇ ਬੇਤੁਕੀ ਕਹਾਣੀ ਬਣਾਈ ਸੀ ਜਿਸ ਨੇ ਇਕ ਹੋਰ ਇਨਸਾਨ ਨੂੰ ਬਣਾਇਆ, ਜਿਸ ਨੇ ਇਕ ਹੋਰ ਇਨਸਾਨ ਨੂੰ ਬਣਾਇਆ ਅਤੇ ਇਸੇ ਤਰ੍ਹਾਂ ਹੀ ਸਿਲਸਿਲਾ ਚੱਲਦਾ ਰਿਹਾ। ਅਜਿਹੀਆਂ ਰਚਨਾਵਾਂ ਬੇਹੱਦ ਗਿਣਤੀ ਤੋਂ ਬਾਅਦ, ਗਿਆਨਵਾਦੀਆਂ ਨੇ ਆਖਿਆ, ਉਤਪਤੀ, ਅਨੰਤ ਕਾਲ ਜਾਂ ਸੁਰਗਦੂਤਾਂ ਵਿੱਚੋਂ ਇਕ ਦੁਸ਼ਟ ਧਰਤੀ (ਪਦਾਰਥ) ਨੂੰ ਰਚਨ ਦੇ ਲਈ ਪਵਿੱਤਰ ਪਰਮੇਸ਼ੁਰ ਤੋਂ ਕਾਫੀ ਦੂਰ ਸਨ। ਵੱਖ-ਵੱਖ ਮਨੁੱਖਾਂ ਨੂੰ ਸਿਲਸਲੇਵਾਰ ਢੰਗ ਨਾਲ ਨਾਮ ਦਿੱਤੇ ਗਏ ਸਨ ਅਤੇ ਉਨ੍ਹਾਂ ਦੀ ਪੂਜਾ ਕੀਤੀ ਗਈ ਸੀ (ਵੇਖੋ ਕੁਲੁੱਸੀਆਂ 2:18)। ਕੁਝ ਲੋਕ ਜਿਹੜੇ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਤਿਮੋਥਿਉਸ ਅਤੇ ਤੀਤੁਸ ਨੂੰ ਲਿਖੀਆਂ ਗਈਆਂ ਇਨ੍ਹਾਂ ਪੱਤ੍ਰੀਆਂ ਦਾ ਲੇਖਕ ਪੌਲੁਸ ਨਹੀਂ ਹੈ ਇਹ ਸੁਝਾਅ ਦਿੰਦੇ ਹਨ ਕਿ ਲੇਖਕ ਦੇ ਮਨ ਵਿਚ ਇਨ੍ਹਾਂ ਮਨੁੱਖਾਂ ਦੀ ਲੜੀ ਸੀ ਜਦੋਂ ਉਸ ਨੇ "ਕੁਲਪੱਤ੍ਰੀਆਂ" ਦਾ ਜ਼ਿਕਰ ਕੀਤਾ।

ਮਜ਼ਬੂਤ ਅੰਦਰੂਨੀ ਅਤੇ ਬਾਹਰੀ ਸਬੂਤ ਪੌਲੁਸ ਰਸੂਲ ਦੇ ਲੇਖਕ ਹੋਣ ਦੀ ਵੱਲ ਹੈ। ਇਸ ਤੋਂ ਇਲਾਵਾ, ਤੀਤੁਸ ਨੂੰ ਲਿਖੇ ਉਸ ਦੇ ਪੱਤਰ ਵਿਚ, ਪੌਲੁਸ ਨੇ ਨਿਸ਼ਚਤ ਤੌਰ ਤੇ "ਕਹਾਣੀਆਂ" ਅਤੇ "ਕੁਲਪੱਤ੍ਰੀਆਂ" ਨੂੰ "ਯਹੂਦੀ" ਸਿੱਖਿਆ ਅਤੇ "ਸ਼ਰਾ" ਨਾਲ ਜੋੜਿਆ ਸੀ (ਤੀਤੁਸ 1:14; 3:9)। ("ਕੁਲਪੱਤ੍ਰੀਆਂ" ਸ਼ਬਦ ਉਤਪਤੀਆਂ ਦੀ ਲੜੀ ਲਈ ਗਿਆਨਵਾਦੀ ਲਿਖਤਾਂ ਵਿਚ ਕਦੇ ਨਹੀਂ ਵਰਤਿਆ ਗਿਆ।) 1 ਅਤੇ 2 ਤਿਮੋਥਿਉਸ ਅਤੇ ਤੀਤੁਸ ਵਿਚ ਜਿਨ੍ਹਾਂ ਝੂਠੇ ਉਪਦੇਸ਼ਕਾਂ ਦੀ ਨਿੰਦਾ ਕੀਤੀ ਗਈ ਸੀ ਗਿਆਨਵਾਦੀ ਨਹੀਂ ਸਨ; ਬਲਕਿ, ਉਹ ਯਹੂਦੀ ਪਿਛੋਕੜ ਵਾਲੇ "ਮਸੀਹੀ ਲੋਕ" ਸਨ ਜਿਨ੍ਹਾਂ ਨੇ ਇੱਧਰੋਂ-ਉੱਧਰੋਂ ਉਨ੍ਹਾਂ ਦੀ ਕਾਲਪਨਿਕ ਸਿੱਖਿਆ ਦੇ ਪਹਿਲੂਆਂ ਨੂੰ ਅਪਨਾਇਆ ਸੀ ਜਿਨ੍ਹਾਂ ਵਿਚ ਕੁਝ ਗਿਆਨਵਾਦੀ ਧਾਰਣਾਵਾਂ ਸ਼ਾਮਲ ਸਨ।

ਗਿਆਨਵਾਦੀ ਵਿਚਾਰ ਦੀ ਕੁਝ ਸਮਝ 1 ਅਤੇ 2 ਤਿਮੋਥਿਉਸ ਅਤੇ ਤੀਤੁਸ ਦੇ ਕੁਝ ਹਵਾਲਿਆਂ ਦੇ ਪਿਛੋਕੜ ਨੂੰ ਸਮਝਣ ਵਿਚ ਮਦਦਗਾਰ ਹੋ ਸਕਦੀ ਹੈ, ਜਦੋਂ ਤੱਕ ਅਸੀਂ ਇਸ ਨੂੰ ਉਸ ਝੂਠੀ ਸਿੱਖਿਆ ਦੇ ਨਾਲ ਨਹੀਂ ਉਲਝਾਉਂਦੇ ਜਿਸ ਦੀ ਪੌਲੁਸ ਦੁਆਰਾ ਨਿੰਦਾ ਕੀਤੀ ਗਈ ਸੀ।

## 1, 2 ਤਿਮੋਥਿਉਸ ਅਤੇ ਤੀਤੁਸ ਵਿਚ ਯੂਨਾਨੀ ਸ਼ਬਦ

ਇਸ ਕਮੈਂਟਰੀ ਵਿਚ ਬਹੁਤ ਸਾਰੀਆਂ ਟਿੱਪਣੀਆਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਯੂਨਾਨੀ ਸ਼ਬਦ ਕਿਸੇ ਹੋਰ ਹਵਾਲੇ ਵਿਚ ਵੀ ਮਿਲ ਸਕਦਾ ਹੈ। ਇਨ੍ਹਾਂ ਟਿੱਪਣੀਆਂ ਦਾ ਉਦੇਸ਼ ਇਹ ਸੰਕੇਤ ਦੇਣਾ ਹੈ ਕਿ ਜੇਕਰ ਤੁਸੀਂ ਉਸ ਯੂਨਾਨੀ ਸ਼ਬਦ ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਇਹ ਆਮ ਤੌਰ ਤੇ ਹੋਰ ਹਵਾਲੇ ਤੇ ਟਿੱਪਣੀਆਂ ਵਿਚ ਮਿਲ ਸਕਦਾ ਹੈ।

## ਟਿੱਪਣੀਆਂ

[1]ਬਰੂਸ ਬੀ. ਬਾਰਟਨ, ਡੇਵਿਡ ਆਰ. ਵੀਰਮੈਨ ਅਤੇ ਨੀਲ ਵਿਲਸਨ, *1 ਟਿਮੋਥੀ, 2 ਟਿਮੋਥੀ, ਟਾਈਟਸ*, ਲਾਈਫ਼ ਐਪਲੀਕੇਸ਼ਨ ਬਾਈਬਲ ਕਮੈਂਟਰੀ (ਵੀਹਟਨ, ਇਲੀਨੋਇਸ: ਟਿੰਡੇਲ ਹਾਊਸ ਪਬਲਿਸ਼ਰਜ਼, 1993), 16. [2]ਹੈਰੇਟਿਕ ਮਾਰਕੀਓਨ ਨਾਂ ਦੇ ਇਕ ਆਰੰਭਕ ਲੇਖਕ ਨੇ ਤਿੰਨ ਅੱਖਰਾਂ ਨੂੰ ਠੁਕਰਾ ਦਿੱਤਾ ਸੀ। ਵਿਲੀਅਮ ਹੈਂਡਰਿਕਸਨ ਨੇ ਟਿੱਪਣੀ ਕੀਤੀ ਸੀ ਕਿ ਮਾਰਕੀਓਨ ਨੇ "ਸਭ ਤੋਂ ਕਠੋਰ ਸਨਿਆਸੀਵਾਦ ਦਾ ਪਰਚਾਰ ਕੀਤਾ ਸੀ [ਅਤੇ] ਵਿਆਹ ਦੀ ਵੈਧਤਾ ਦਾ ਇਨਕਾਰ ਕੀਤਾ ਸੀ ... । ਧਰਮ ਦੇ ਵਿਰੋਧੀ ਨੂੰ ਉਹ ਲਿਖਤ ਪਸੰਦ ਨਹੀਂ ਹੁੰਦੀ ਜਿਹੜੀ ਸਿੱਧੇ ਜਾਂ ਅਸਿੱਧੇ ਤੌਰ ਤੇ ਉਸ ਦੀ ਜਾਂ ਉਸ ਨਾਲ ਮਿਲਦੀ ਜੁਲਦੀ ਵਿਰੋਧਤਾ ਦੀ ਨਿੰਦਾ ਕਰਦੀ ਹੈ" (ਵਿਲੀਅਮ ਹੈਂਡਰਿਕਸਨ, *ਇਕਸਪੋਜੀਸ਼ਨ ਆਫ਼ ਦ ਪਾਸਬਾਨਲ ਏਪਿਸਲਸ*, ਨਿਊ ਟੈਸਟਾਮੈਂਟ ਕਮੈਂਟਰੀ [ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1965], 4)। ਵੇਖੋ 1 ਤਿਮੋਥਿਉਸ 4:3, 4. [3]ਜੇ. ਡਬਲਿਯੂ. ਰੌਬਰਟਸ, *ਲੈਟਰ ਟੂ ਟਿਮੋਥੀ*, ਦ ਲਿਵਿੰਗ ਵਰਡ (ਔਸਟਿਨ, ਟੈਕਸਾਸ: ਆਰ. ਬੀ, ਸਵੀਟ ਕੰਪਨੀ, 1964), 5. [4]ਲੂਕ, ਟਿਮੋਥੀ ਜੌਨਸਨ, *1 ਟਿਮੋਥੀ, 2 ਟਿਮੋਥੀ, ਟਾਈਟਸ*, ਨੌਕਸ ਪਰੀਚਿੰਗ ਗਾਈਡਸ (ਐਟਲਾਂਟਾ: ਜੌਨ ਨੌਕਸ ਪ੍ਰੈਸ, 1987), 1. [5]ਉਸੇ ਸਥਾਨ ਤੇ, 3-4. [6]ਅਜਿਹਾ ਇਕ ਸ੍ਰੋਤ ਹੈਂਡਰਿਕਸਨ ਹੈ, 4-33. [7]ਵਿਲੀਅਮ ਬਾਰਕਲੇਅ, *ਦ ਲੈਟਰਸ ਟੂ ਟਿਮੋਥੀ, ਟਾਈਟਸ, ਐਂਡ ਫਿਲੇਮੋਨ*, ਸੋਧਿਆ ਸੰਸਕਰਣ, ਦ ਡੇਲੀ ਸਟੱਡੀ ਬਾਈਬਲ (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1975), 8. [8]ਜ਼ਿਆਦਾਤਰ ਧਿਆਨ ਤੀਤੁਸ 2 ਤੇ ਕੇਂਦਰਿਤ ਕੀਤਾ ਗਿਆ ਹੈ। ਪੌਲੁਸ ਦੇ ਲੇਖਕ ਹੋਣ ਦੀਆਂ ਦਲੀਲਾਂ ਦਾ ਖੰਡਣ ਕਰਨ ਦੇ ਲਈ ਲੰਬੀ ਚਰਚਾ ਦੇ ਲਈ ਹੈਂਡਰਿਕਸਨ ਦੀ ਲਿਖੀ ਪੁਸਤਕ ਦੇ ਸਫ਼ੇ 377-81 ਵੇਖੋ। [9]ਰੌਬਰਟਸ, 5. [10]ਫਿਲੇਮੋਨ 9 ਵਿਚ ਪੌਲੁਸ ਨੇ ਖੁਦ ਦਾ ਵਰਣਨ ਇਸੇ ਤਰ੍ਹਾਂ ਹੀ ਕੀਤਾ ਹੈ। ਫਿਲੇਮੋਨ ਦੀ ਪੱਤ੍ਰੀ 1 ਤਿਮੋਥਿਉਸ ਅਤੇ 2 ਤਿਮੋਥਿਉਸ ਅਤੇ ਤੀਤੁਸ ਤੋਂ ਪਹਿਲਾਂ ਲਿਖੀ ਗਈ ਸੀ।

[11]ਕਈਆਂ ਨੇ ਸੁਝਾਅ ਦਿੱਤਾ ਹੈ ਕਿ ਇਕ ਵੱਖਰਾ *ਅਮਾਨੁਏਨਸਿਸ* (ਲਿਖਣ ਵਾਲਾ, ਲੇਖਕ) ਵੀ ਹੋ ਸਕਦਾ ਹੈ, ਜਿਸ ਨੇ ਇਸ ਗੱਲ ਨੂੰ ਪ੍ਰਭਾਵਿਤ ਕੀਤਾ ਕਿ ਕਿਵੇਂ ਵਿਚਾਰ ਪਰਗਟ ਕੀਤੇ ਗਏ ਸਨ। ਪਰਤੱਖ ਰੂਪ ਵਿਚ ਪੌਲੁਸ ਦੀ ਇਹ ਰੀਤ ਸੀ ਕਿ ਉਹ ਲਿਖਣ ਵਾਲੇ ਨੂੰ ਮੂੰਹ ਨਾਲ ਬੋਲ ਕੇ ਆਪਣੇ ਪੱਤਰ ਲਿਖਵਾਉਂਦਾ ਸੀ ਅਤੇ ਫਿਰ ਆਪਣੇ ਹੱਥ ਨਾਲ ਇਕ ਨੋਟ ਲਿਖ ਕੇ ਉਸ ਪੱਤਰ ਨੂੰ ਪ੍ਰਮਾਣਿਤ ਕਰਦਾ ਸੀ (ਵੇਖੋ 2 ਥੱਸਲੁਨੀਕੀਆਂ 3:17)। ਸ਼ਾਇਦ ਪੌਲੁਸ ਨੇ ਉਨ੍ਹਾਂ ਨਾਲੋਂ ਇਕ ਵੱਖਰੇ ਲੇਖਕ ਦਾ ਇਸਤੇਮਾਲ ਕੀਤਾ ਹੋਵੇਗਾ ਜਿਨ੍ਹਾਂ ਦਾ ਇਸਤੇਮਾਲ ਉਸ ਨੇ ਆਪਣੀਆਂ ਹੋਰ ਪੱਤ੍ਰੀਆਂ ਨੂੰ ਲਿਖਣ ਦੇ ਲਈ ਕੀਤਾ ਸੀ। ਇਹ ਪੱਤ੍ਰੀਆਂ ਸ਼ਾਇਦ ਉਸ ਨੇ ਆਪਣੇ ਹੱਥ ਨਾਲ ਲਿਖੀਆਂ ਸਨ। (ਜੇਕਰ ਇਨ੍ਹਾਂ ਵਿੱਚੋਂ ਕੋਈ ਵੀ ਸੰਭਾਵਨਾ ਸੱਚੀ ਸੀ, ਤਾਂ ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਇਸ ਦੇ ਨਤੀਜੇ ਵਜੋਂ ਜੋ ਮੂਲ ਲਿਖਤ ਲਿਖੀ ਗਈ ਸੀ ਉਹ ਬਿਲਕੁਲ ਉਹੀ ਸੀ ਜੋ ਪਰਮੇਸ਼ੁਰ ਲਿਖਵਾਉਣਾ ਚਾਹੁੰਦਾ ਸੀ।) [12]ਰੌਬਰਟ ਲੇਨ ਗਰੀਨ, "ਵੋਕੈਬਲਰੀ ਸਾਈਜ਼: ਲੈਕਸੀਕਲ ਫੈਕਟਸ," *ਦਿ ਇਕੋਨੋਮਿਸਟ* (http://www.economist.com/blogs/johnson/2013/05/vocabularysize; Internet, accessed 21 October, 2016)। [13]ਹੈਂਡਰਿਕਸਨ, 8. [14]ਬਾਰਕਲੇਅ, 9. [15]ਦੂਜਾ ਕੁਰਿੰਥੀਆਂ ਦੀ ਪੱਤ੍ਰੀ ਪੌਲੁਸ ਦੀ ਰੋਮ ਨੂੰ ਪਹਿਲੀ ਸਮੁੰਦਰੀ ਯਾਤਰਾ ਤੋਂ ਪਹਿਲਾਂ ਲਿਖੀ ਗਈ ਸੀ (ਅਤੇ ਇਸ ਲਈ ਰਸੂਲਾਂ ਦੇ ਕਰਤੱਬ 27:39-44 ਵਿਚ ਰੋਮ ਨੂੰ ਜਾਂਦਿਆਂ ਉਸ ਦੇ ਜਹਾਜ਼ ਦੇ ਤਬਾਹ ਹੋਣ ਦੇ ਬਾਰੇ ਪਹਿਲਾਂ ਲਿਖਿਆ ਗਿਆ ਸੀ)। [16]ਯੂਸੇਬਿਉਸ *ਐਕਲੀਸੀਐਸਟੀਕਲ ਹਿਸਟਰੀ* 2.22.1-2. [17]ਜੇ. ਐਨ. ਡੀ. ਕੈਲੀ, *ਦ ਪਾਸਬਾਨਲ ਏਪਿਸਲਸ*, ਹਾਰਪਰਸ ਨਿਊ ਟੈਸਟਾਮੈਂਟ ਕਮੈਂਟਰੀਜ਼ (ਸੈਨ ਫਰਾਂਸਿਸਕੋ: ਹਾਰਪਰ ਐਂਡ ਰੋਅ, 1960), 10. [18]ਜੌਨ ਆਰ. ਡਬਲਿਯੂ. ਸਟੌਟ, *ਗਾਰਡ ਦ ਟਰੁੱਥ: ਦ ਮੈਸੇਜ ਆਫ਼ 1 ਟਿਮੋਥੀ ਐਂਡ ਟਾਈਟਸ*, ਦ ਬਾਈਬਲ ਸਪੀਕਸ ਟੂਡੇ (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 1996), 33-34. [19]ਉਸੇ ਸਥਾਨ ਤੇ, 33. [20]ਆਪਣੀ ਪਹਿਲੀ ਰੋਮੀ "ਕੈਦ" ਦੌਰਾਨ, ਪੌਲੁਸ ਅਸਲ ਵਿਚ ਇਕ ਕੈਦਖਾਨੇ ਵਿਚ ਸੀ ਅਤੇ ਉਸ ਨੂੰ ਇਕ ਸਿਪਾਹੀ ਦੇ ਨਾਲ ਜੰਜੀਰ ਨਾਲ ਬੰਨ੍ਹਿਆ ਹੋਇਆ ਸੀ (ਰਸੂਲਾਂ ਦੇ ਕਰਤੱਬ 28:16, 20, 30)।

[21]ਡੇਵਿਡ ਐਲ. ਰੋਪਰ, *ਰਸੂਲਾਂ ਦੇ ਕਰਤੱਬ 1-14*, ਟਰੁੱਥ ਫ਼ਾਰ ਟੂਡੇ ਕਮੈਂਟਰੀ (ਸੀਆਰਕੀ, ਆਰਕਨਸਸ: ਰਿਸੋਰਸ ਪਬਲੀਕੇਸ਼ਨਜ਼, 2001), 12-13. [22]ਯੂਸੇਬਿਉਸ *ਐਕਲੀਸੀਐਸਟੀਕਲ ਹਿਸਟਰੀ* 2.25. [23]ਪੌਲੁਸ ਦੇ ਉਮਰ ਦੇ ਸੰਬੰਧ ਵਿਚ ਜ਼ਿਆਦਾਤਰ ਕਿਆਸ ਇਹੀ ਲਗਾਏ ਜਾਂਦੇ ਹਨ ਕਿ ਇਸ ਸਮੇਂ ਪੌਲੁਸ ਦੀ ਉਮਰ 60 ਤੋਂ 70 ਸਾਲਾਂ ਦੇ ਵਿਚ ਹੋਵੇਗੀ। ਉਨ੍ਹਾਂ ਦਿਨਾਂ ਅਤੇ ਸਮਿਆਂ ਵਿਚ ਇਹ ਇਕ ਬਜ਼ੁਰਗੀ ਉਮਰ ਹੋਵੇਗੀ। [24]ਡੌਨਲਡ ਗੁਥਰੀ, *ਦ ਪਾਸਬਾਨਲ ਏਪਿਸਲਸ*, ਸੋਧਿਆ ਸੰਸਕਰਣ, ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1990), 17. [25]NASB ਬਾਈਬਲ ਵਿਚ, "ਪਾਸਬਾਨ" ਸ਼ਬਦ ਸਿਰਫ ਅਫ਼ਸੀਆਂ 4:11 ਵਿਚ ਆਉਂਦਾ ਹੈ। ਨਵੇਂ ਨੇਮ ਵਿਚ ਹੋਰ ਕਿਸੇ ਥਾਂ ਤੇ, ਬੁਨਿਆਦੀ ਯੂਨਾਨੀ ਸ਼ਬਦ (ποιμήν, *ਪੋਈਮੈਨ*) ਦਾ ਅਨੁਵਾਦ ਹਮੇਸ਼ਾ "ਚਰਵਾਹਾ" ਕੀਤਾ ਜਾਂਦਾ ਹੈ। 1 ਅਤੇ 2 ਤਿਮੋਥਿਉਸ ਅਤੇ ਤੀਤੁਸ ਵਿਚ ਇਹ ਸ਼ਬਦ ਕਦੇ ਨਹੀਂ ਆਉਂਦਾ। [26]ਨਵੇਂ

ਵਿਚ “ਇੱਕ ਦੂਏ” ਵਾਲੇ ਹਵਾਲੇ ਇਸ ਦਾ ਖਾਸਾ ਸਬੂਤ ਹਨ (ਉਦਾਹਰਣ ਦੇ ਲਈ, ਵੇਖੋ ਰੋਮੀਆਂ 12:10; 14:19; 15:14; 1 ਕੁਰਿੰਥੀਆਂ 12:25; 1 ਥੱਸਲੁਨੀਕੀਆਂ 5:11, 15; ਇਬਰਾਨੀਆਂ 3:13; 10:24)। [27]ਗੈਰੀ ਡਬਲਿਯੂ. ਡੀਮਾਰੈਸਟ, *1, 2 ਥੈਸਾਲੋਨੀਅਨਜ਼, 1, 2 ਟਿਮੋਥੀ, ਟਾਈਟਸ*, ਦ ਕਮਿਊਨੀਕੇਟਰਸ ਕਮੈਂਟਰੀ, ਜਿਲਦ 9 (ਵਾਕੋ, ਟੈਕਸਾਸ: ਵਰਡ ਬੁਕਸ, 1984), 147. [28]ਮਿਡਵੈਸਟ ਸਿਟੀ, ਓਕਲਾਹੋਮਾ ਵਿਚ ਸਥਿਤ ਈਸਟਸਾਈਡ ਚਰਚ ਆਫ਼ ਕ੍ਰਾਈਸਟ ਵਿਚ ਆਪਣੀ ਸਿੱਖਿਆ ਵਿਚ ਡੇਲ ਹਾਰਟਮੈਨ ਅਕਸਰ ਇਸ ਉਦਾਹਰਣ ਦੀ ਵਰਤੋਂ ਕਰਦਾ ਸੀ। [29]ਬਾਰਟਨ, ਵੀਰਮੈਨ ਅਤੇ ਵਿਲਸਨ, 17. [30]NASB ਬਾਈਬਲ ਵਿਚ, ਅਨੁਵਾਦ ਕੀਤੇ ਗਏ ਯੂਨਾਨੀ ਸ਼ਬਦ “ਖਰੀ ਸਿੱਖਿਆ” ਦਾ ਅਰਥ 1 ਤਿਮੋਥਿਉਸ 1:10 ਵਿਚ “ਖਰੀ ਸਿੱਖਿਆ” ਵੀ ਹੈ। ਇਕ ਵਾਰ ਫੇਰ, ਪੌਲੁਸ ਨੇ ਤੀਤੁਸ 1:13 ਵਿਚ “ਨਿਹਚਾ ਵਿੱਚ ਪੱਕੇ” ਹੋਣ ਦਾ ਜ਼ਿਕਰ ਕੀਤਾ ਸੀ, ਜਿਸ ਦਾ ਮੂਲ ਰੂਪ ਵਿਚ ਅਰਥ ਸਿੱਖਿਆ ਵਿਚ ਖਰਾ ਹੋਣਾ ਹੀ ਹੈ।

[31]ਵਾਲਟਰ ਬਾਊਰ, *ਏ ਗਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਨ ਲਿਟਰੇਚਰ*, ਤੀਜਾ ਸੋਧ, ਸੋਧ ਅਤੇ ਸੰਪਾਦਨ, ਫਰੈਡਰਿਕ ਵਿਲੀਅਮ ਡੰਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 2000), 1023. [32]ਜੌਜ਼ਫ ਬਰਾਇੰਟ ਰੋਥਰਹਮ, *ਦਿ ਐਮਫਾਸਾਈਜ਼ਡ ਬਾਈਬਲ: ਏ ਨਿਊ ਟ੍ਰਾਂਸਲੇਸ਼ਨ,* ਜਿਲਦ 4, *ਮੈਥਿਊ-ਰੈਵਲੇਸ਼ਨ* (ਸਿਨਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰਪਨੀ, 1897), 219. [33]ਬਾਊਰ, 678-79. [34]ਗੁਥਰੀ, 67. [35]ਬਾਊਰ, 186. [36]ਡਬਲਿਯੂ. ਈ. ਵਾਈਨ, ਮੈਰਿਲ ਐਫ. ਉਂਗਰ, ਵਿਲੀਅਮ ਵਾਈਟ, ਜੂਨੀਅਰ, *ਵਾਈਨਸ ਕੰਪਲੀਟ ਇਕਸਪੋਜ਼ਿਟਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਸ* (ਨੈਸ਼ਵਿਲੇ: ਥੋਮਸ ਨੈਲਸਨ ਪਬਲਿਸ਼ਰਜ਼, 1985), 261. [37]ਆਮ ਤੌਰ ਤੇ ਇਹ ਕਲਪਨਾ ਕੀਤੀ ਜਾਂਦੀ ਹੈ ਕਿ ਕਰੇਤੀ ਵਿਚ ਜੋ ਝੂਠੀ ਸਿੱਖਿਆ ਦਿੱਤੀ ਜਾ ਰਹੀ ਸੀ ਜੇਕਰ ਅਫ਼ਸੁਸ ਵਿਚ ਦਿੱਤੀ ਜਾ ਰਹੀ ਸਿੱਖਿਆ ਵਰਗੀ ਨਹੀਂ ਸੀ ਤਾਂ ਉਸ ਨਾਲ ਰਲਦੀ-ਮਿਲਦੀ ਸਿੱਖਿਆ ਜ਼ਰੂਰ ਸੀ। ਕਰੇਤੀ ਦਾ ਟਾਪੂ ਅਫ਼ਸੁਸ ਦੇ ਦੱਖਣ-ਪੱਛਮ ਵਿਚ ਸੀ। [38]ਇਹ ਯਹੂਦੀ ਸਨ ਜਿਹੜੇ ਮਸੀਹੀ ਬਣ ਗਏ ਸਨ ਪਰ ਪੁਰਾਣੇ ਨੇਮ ਦੀ ਸ਼ਰਾ ਨੂੰ ਗੈਰ-ਕੌਮ ਦੇ ਮਸੀਹੀ ਲੋਕਾਂ ਤੇ ਥੋਪਣ ਦੀ ਕੋਸ਼ਿਸ਼ ਕਰ ਰਹੇ ਸਨ। ਰਸੂਲਾਂ ਦੇ ਕਰਤੱਬ 15:5 ਅਨੁਸਾਰ, ਕੁਝ (ਸ਼ਾਇਦ ਸਾਰੇ) ਫ਼ਰੀਸੀ ਸਨ। [39]ਕੁਝ ਦਾ ਮੰਨਣਾ ਹੈ ਕਿ ਕੁਲਪੱਤ੍ਰੀਆਂ ਦਾ ਸੰਬੰਧ ਰਹੱਸਵਾਦੀ ਸਿਧਾਂਤਾਂ ਨਾਲ ਸੀ, ਪਰ ਸੰਦਰਭ ਇਹ ਇਸ਼ਾਰਾ ਕਰਦਾ ਹੈ ਕਿ ਕੁਲਪੱਤ੍ਰੀਆਂ ਯਹੂਦੀ ਸਨ। (*ਵਧੇਰੇ ਅਧਿਐਨ ਲਈ: ਗਿਆਨਵਾਦ ਦਾ ਮੁਢਲਾ ਰੂਪ* ਨਾਂ ਦੀ ਪੁਸਤਕ ਦੇ ਸਫ਼ੇ 19-21 ਵੇਖੋ।) [40]ਕੁਲਪੱਤ੍ਰੀਆਂ ਮਸੀਹੀਅਤ ਵਿਚ ਉਸੇ ਤਰ੍ਹਾਂ ਦੇ ਉਦੇਸ਼ ਨੂੰ ਪੂਰਾ ਨਹੀਂ ਕਰਦੀਆਂ। ਪ੍ਰਭੂ ਇਹ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਇਕ ਮਸੀਹੀ ਵਿਅਕਤੀ ਦਾ ਦਾਦਾ-ਪੜਦਾਦਾ ਕੌਣ ਸੀ। ਨਵੇਂ ਨੇਮ ਵਿਚ ਸਿਰਫ ਉਹੀ ਕੁਲਪੱਤ੍ਰੀਆਂ ਹਨ ਜੋ ਯਿਸੂ ਦੀਆਂ ਹਨ, ਜੋ ਇਸ ਗੱਲ ਨੂੰ ਪ੍ਰਮਾਣਿਤ ਕਰਦੀਆਂ ਹਨ ਕਿ ਉਹ ਵਾਅਦੇ ਕੀਤਾ ਹੋਇਆ ਮਸੀਹਾ ਸੀ।

[41]ਹੈਂਡਰਿਕਸਨ, 59. [42]“ਅਪੋਕ੍ਰਿਫਾ” ਉਹ ਪੁਸਤਕਾਂ ਹਨ ਜੋ ਬਾਈਬਲ ਦੀਆਂ ਲਿਖਤਾਂ ਨਹੀਂ ਹਨ ਜਿਨ੍ਹਾਂ ਨੂੰ ਯਹੂਦੀ ਲੋਕ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖੀਆਂ ਹੋਈਆਂ ਪੁਸਤਕਾਂ ਨਹੀਂ ਸਮਝਦੇ। ਵਿਸ਼ੇਸ਼ ਕਰਕੇ, ਜੁਬੀਲੀਸ ਨੂੰ “ਸਿਉਡੇਪਿਗਰਾਫਾ” ਦੀਆਂ ਪੁਸਕਤਾਂ ਨਾਲ ਇਕੱਠਾ ਰੱਖਿਆ ਗਿਆ ਹੈ। ਇਨ੍ਹਾਂ ਵਿੱਚੋਂ ਕਈਆਂ ਨੂੰ ਗਲਤ ਢੰਗ ਨਾਲ ਪੁਰਾਣੇ ਨੇਮ ਵਿੱਚੋਂ ਕੁਝ ਪ੍ਰਸਿੱਧ ਹਸਤੀਆਂ ਦੇ ਨਾਵੇਂ ਲਾਇਆ ਗਿਆ ਹੈ, ਜਦ ਕਿ ਬਾਕੀ ਸਿਰਫ ਅਜਿਹੇ ਲੋਕਾਂ ਦੇ ਆਦਰ ਵਿਚ ਲਿਖੀਆਂ ਗਈਆਂ ਸਨ। [43]ਹੈਂਡਰਿਕਸਨ, 59. [44]ਯੂਨਾਨੀ ਸੰਬੰਧਕ εἰς (*ਈਸ*) ਦਾ ਅਰਥ ਹੈ “ਵਿਚ।” [45]ਯੂਨਾਨੀ ਸੰਬੰਧਕ ἐξ (*ਐਕਸ*) ਜਾਂ ἐκ (*ਏਕ*) ਦਾ ਅਰਥ ਹੈ “ਦੇ ਵਿੱਚੋਂ।” [46]ਪੌਲੁਸ ਨੇ 2 ਤਿਮੋਥਿਉਸ 3:16, 17 ਵਿਚ ਵਚਨ ਦੀ ਕਾਬਲੀਅਤ ਦੇ ਸਵਾਲ ਨੂੰ ਸੰਬੋਧਿਤ ਕੀਤਾ ਸੀ। [47]“ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ” (ਰਸੂਲਾਂ ਦੇ ਕਰਤੱਬ 10:34)। [48]ਡੌਨਲਡ ਡਬਲਿਯੂ. ਬੁਰਡਿਕ, 1, 2, 3 ਯੂਹੰਨਾ ਤੇ ਨੋਟਸ, *ਦ NIV ਸਟੱਡੀ ਬਾਈਬਲ*, ਸੋਧ. ਕੈਨੇਥ ਬਾਰਕਰ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਿੰਗ ਹਾਊਸ, 1985), 1906. [49]2:15; 4:3 ਤੇ ਟਿੱਪਣੀਆਂ ਵੇਖੋ। [50]2 ਤਿਮੋਥਿਉਸ 2:18 ਤੇ ਟਿੱਪਣੀਆਂ ਵੇਖੋ।

[51]ਬਰੂਸ ਐਮ. ਮੈਟਜ਼ਗਰ, “ਸੇਂਟ ਪੌਲ ਐਂਡ ਦ ਮੈਜਿਸ਼ੀਅਨਜ,” *ਪ੍ਰਿੰਸਟਨ ਸੈਮੀਨਰੀ ਬੁਲਿਟਨ* 38, ਨੰ. 1 (ਜੂਨ 1944): 27.